# ਸਾਖੀਆਂ

## ਗੁਰੂ ਨਾਨਕ ਜੀ ਦੇ ਗੁਰਸਿੱਖਾਂ ਦੀਆਂ

ਬਲਵਿੰਦਰ ਸਿੰਘ ਜੌੜਾਸਿੰਘਾ

**ਧਰਮ ਪ੍ਰਚਾਰ ਕਮੇਟੀ**
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ

Sri Satguru Jagjit Singh Ji Elibrary NamdhariElibrary@gmail.com

ਪ੍ਰਕਾਸ਼ਕ
ਸਕੱਤਰ, ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ),
ਸ੍ਰੀ ਅੰਮ੍ਰਿਤਸਰ।

ਜੁਲਾਈ 2019    50,000

ਛਾਪਣ ਵਾਲੇ:
ਗੋਲਡਨ ਆਫ਼ਸੈਟ ਪ੍ਰੈਸ, (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

Sri Satguru Jagjit Singh Ji Elibrary NamdhariElibrary@gmail.com

ੴ ਵਾਹਿਗੁਰੂ ਜੀ ਕੀ ਫ਼ਤਹ॥

# ਸਾਖੀਆਂ

## ਗੁਰੂ ਨਾਨਕ ਜੀ ਦੇ ਗੁਰਸਿੱਖਾਂ ਦੀਆਂ

ਲੇਖਕ
ਬਲਵਿੰਦਰ ਸਿੰਘ ਜੋੜਾਸਿੰਘਾ
ਸਕੱਤਰ

ਪ੍ਰਕਾਸ਼ਕ
ਧਰਮ ਪ੍ਰਚਾਰ ਕਮੇਟੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

Sri Satguru Jagjit Singh Ji Elibrary NamdhariElibrary@gmail.com

# ਤਤਕਰਾ


- ਸਿਖੀ ਸਿਖਿਆ ਗੁਰ ਵੀਚਾਰਿ.. ੩
- ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ... ੫
- ਭਾਈ ਮਰਦਾਨਾ ਜੀ ੭
- ਸ਼ਬਦ ਦਾ ਅਭਿਆਸ ੧੦
- ਕਥਾ ਤੇ ਕੀਰਤਨ ੧੩
- ਸਨਮੁਖ ਕੌਣ ਹੈ? ੧੬
- ਮਨਮੁਖ ਕੌਣ? ੧੯
- ਬੂੜਾ ਬੁਢਾ ਇਕ ਮਨਿ ਧਿਆਵੈ... ੨੩


Sri Satguru Jagjit Singh Ji Elibrary NamdhariElibrary@gmail.com

## ਸਿਖੀ ਸਿਖਿਆ ਗੁਰ ਵੀਚਾਰਿ..

ਨਿਮਰਤਾ ਦੇ ਪੁੰਜ ਕੀੜ ਜਾਤ ਦੇ ਭਾਈ ਮੂਲਾ ਜੀ ਹੋਏ ਹਨ। ਸਤਿਗੁਰੂ ਨਾਨਕ ਜੀ ਭਾਈ ਮੂਲਾ ਜੀ ਨਾਲ ਬੜਾ ਪ੍ਰੇਮ ਕਰਦੇ ਸਨ। ਇਕ ਦਿਨ ਭਾਈ ਮੂਲਾ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿਚ ਬੇਨਤੀ ਕੀਤੀ 'ਹੇ ਸਤਿਗੁਰ ਜੀਉ! ਕਲਿਜੁਗ ਅੰਦਰ ਸਿੱਖੀ ਦੀ ਮਰਯਾਦਾ ਕੀ ਹੈ? ਕੋਈ ਐਸਾ ਉਪਦੇਸ਼ ਕਰੋ ਕਿ ਜਨਮ ਮਰਨ ਤੋਂ ਮੁਕਤੀ ਪ੍ਰਾਪਤ ਹੋ ਜਾਵੇ। 'ਕਲਿਜੁਗ ਦੇ ਤਾਰਕ ਸਤਿਗੁਰੂ ਨਾਨਕ ਜੀ ਨੇ ਫ਼ੁਰਮਾਇਆ 'ਹੇ ਭਾਈ ! ਕਲਿਜੁਗ ਵਿਚ ਸਿੱਖੀ ਮਰਯਾਦਾ ਇਹ ਹੈ ਜੋ ਸਿੱਖ ਹੋਵੈ ਸੋ ਜੂਏ ਤੇ ਵੇਸਵਾ ਦਾ ਤਿਆਗੁ ਕਰੇ। ਸਿੱਖਾਂ ਨੂੰ ਗੁਰੂ ਦਾ ਰੂਪ ਕਰ ਜਾਣੇ। ਸ਼ਬਦ ਨਾਲ ਪ੍ਰੀਤ ਕਰੇ। ਸ਼ਬਦ ਤੇ ਗੁਰੂ ਨੂੰ ਇਕ ਰੂਪ ਜਾਣੇ। ਰਾਗ ਪਾਇ ਕਰ ਸ਼ਬਦ ਨੂੰ ਗਾਵੇ। ਧਰਮ ਦੀ ਕਿਰਤ ਕਰੇ ਤੇ ਸਿੱਖਾਂ ਨੂੰ ਤਨ, ਮਨ, ਧਨ ਕਰਕੇ ਰੀਝਾਵੇ ਤੇ ਪੜਦਾ ਢਕੈ। ਸੋ ਭਾਈ ਮੂਲਾ ਕੀੜ ਨੇ ਗੁਰ ਉਪਦੇਸ਼ ਨੂੰ ਪੱਲੇ ਬੰਨ੍ਹ ਲਿਆ। ਕੋਈ ਗੁਰਸਿੱਖ ਦਿਨ ਜਾਂ ਰਾਤ ਨੂੰ ਆਵੇ ਸਭ ਨੂੰ ਉਸ ਦੀ ਲੋੜ ਅਨੁਸਾਰ ਲੰਗਰ ਪ੍ਰਸ਼ਾਦ ਦਿੰਦੇ। ਬਸਤ੍ਰਾਂ ਦੀ ਲੋੜ ਵਾਲੇ ਨੂੰ ਬਸਤ੍ਰ ਦਿੰਦੇ। ਕਰਨੀ ਰੱਬ ਦੀ ਇਕ ਠੱਗ ਸ਼ਬਦ ਬਾਣੀ ਕੰਠ ਕਰਕੇ ਭਾਈ ਮੂਲਾ ਕੀੜ ਜੀ ਦੇ ਘਰ ਆਇਆ। ਭਾਈ ਮੂਲਾ ਜੀ ਨੇ ਬਾਣੀ ਦਾ ਪ੍ਰੇਮੀ ਤੇ ਗੁਰਸਿੱਖ ਜਾਣਕੇ ਬਹੁਤ ਟਹਲ-ਸੇਵਾ ਕੀਤੀ। ਰਾਤ ਹੋਈ ਤਾਂ ਭਾਈ ਮੂਲਾ ਦੀ ਪਤਨੀ ਆਪਣੇ ਜ਼ੇਵਰ ਆਦਿ ਲਾਹ ਕੇ ਡੱਬੇ ਵਿਚ ਰੱਖ ਕੇ ਸੌਂ ਗਈ। ਭਾਈ ਜੀ ਵੀ ਸੁੱਤੇ ਹੋਏ ਸਨ। ਤਾਂ ਸੁੱਤੇ ਪਿਆ ਠੱਗ ਜ਼ੇਵਰਾਂ ਵਾਲਾ ਡੱਬਾ ਲੈ ਕੇ ਉੱਠ ਤੁਰਿਆ। ਹਵੇਲੀ ਦੇ ਬਾਹਰਲੇ ਦਰਵਾਜ਼ੇ ਨੂੰ ਤਾਲਾ ਲੱਗਾ ਹੋਇਆ ਸੀ ਤੇ ਚਾਬੀ ਭਾਈ ਮੂਲੇ ਕੋਲ ਸੀ। ਉਸ ਨੇ ਭਾਈ ਮੂਲੇ ਨੂੰ ਕਿਹਾ ਕੇ 'ਮੈਨੂੰ ਚਾਬੀ ਦੇਹੋ ਮੈਂ ਰਮਣੇ ਜਾਂਦਾ ਹਾਂ' ਭਾਈ ਮੂਲੇ ਨੇ ਕਿਹਾ 'ਏਥੇ ਰਮਣੇ ਫਿਰੋ, ਮੈਂ ਸੁੱਟ ਦੇਵਾਂਗਾ ਤੇ ਨਾਲੇ ਇਸ਼ਨਾਨ ਵੀ ਕਰਵਾ ਦਿਆਂਗਾ', ਪਰ ਠੱਗ ਨੇ ਬਾਹਰ ਜਾਣ ਦੀ ਜ਼ਿਦ ਕੀਤੀ ਭਾਈ ਮੂਲੇ ਨੇ ਤਾਲਾ ਖੋਲ੍ਹ ਦਿੱਤਾ, ਪਰ ਡਰਦੇ ਮਾਰੇ ਠੱਗ ਦੀ ਬਗਲੀ ਵਿਚੋਂ ਡੱਬਾ ਡਿੱਗ ਪਿਆ। ਭਾਈ ਮੂਲੇ ਨੇ ਡੱਬਾ ਫਿਰ ਉਠਾ ਦਿੱਤਾ। ਸਵੇਰੇ ਭਾਈ ਮੂਲੇ ਦੀ ਘਰਵਾਲੀ ਨੇ ਵੇਖਿਆ ਕਿ ਜ਼ੇਵਰਾਂ ਵਾਲਾ ਡੱਬਾ ਨਹੀਂ ਹੈ ਤਾਂ

ਉਸਨੇ ਭਾਈ ਜੀ ਨੂੰ ਕਿਹਾ ਲਗਦਾ ਰਾਤੀਂ ਘਰੇ ਚੋਰ ਆਇਆ ਤੇ ਉਹ ਡੱਬਾ ਲੈ ਗਿਆ। ਭਾਈ ਮੂਲੇ ਨੇ ਆਪਣੀ ਘਰ ਵਾਲੀ ਨੂੰ ਹੋਰ ਜ਼ੇਵਰ ਬਣਾ ਦਿੱਤੇ ਤਾਂ ਕਿ ਸਿੱਖ ਦੀ ਬਦਨਾਮੀ ਨਾ ਹੋਵੇ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਇਸ ਵਾਰਤਾ ਦਾ ਪਤਾ ਲੱਗਾ ਤਾਂ ਬਹੁਤ ਪ੍ਰਸੰਨ ਹੋਏ ਤੇ ਬਚਨ ਕੀਤਾ 'ਤੁਧ ਮੇਰਾ ਪੜਦਾ ਢਕਿਆ ਹੈ ਤੇਰਾ ਪੜਦਾ ਗੁਰੂ ਢੱਕੇਗਾ। ਤੁਸੀ ਸ਼ਬਦ ਨੂੰ ਤੇ ਗੁਰੂ ਨੂੰ ਇਕੋ ਰੂਪ ਜਾਣਿਆ। ਇਸ ਵਾਸਤੇ ਸ਼ਬਦ ਨੂੰ ਸਤਿਗੁਰ ਦਾ ਹਿਰਦਾ ਜਾਣਕੇ ਸੁਣਨਾ ਅਤੇ ਮੰਨਣਾ ਹੈ ਤੇਰਾ ਉਧਾਰ ਹੋਵੇਗਾ।'

ਭਾਈ ਗੁਰਦਾਸ ਜੀ ਨੇ ਭਾਈ ਕੀੜ ਜੀ ਨੂੰ ਆਚਰਣ ਵਾਲਾ; ਗੁਰੂ ਦਾ ਦਾਸ ਤੇ ਪ੍ਰੇਮੀ ਸਿੱਖ ਕਿਹਾ ਹੈ:

ਮੂਲਾ ਕੀੜੁ ਵਖਾਣੀਐ ਚਲਿਤੁ ਅਚਰਜ ਲੁਭਿਤ ਗੁਰਦਾਸੀ ।

(ਵਾਰ ੧੧-੧੩)

Sri Satguru Jagjit Singh Ji Elibrary NamdhariElibrary@gmail.com

## ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ...

ਕਲਿਜੁਗ ਵਿਚ ਸੰਸਾਰ ਦੇ ਪ੍ਰਾਣੀ ਮਾਤਰ ਨੂੰ ਨਿਸਤਾਰਨ ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਰਤਾਰਪੁਰ ਰਹਿਮਤਾਂ ਵਰਤਾ ਰਹੇ ਸਨ। ਦੋ ਸਿੱਖ ਭਾਈ ਪਿਰਥਾ ਤੇ ਭਾਈ ਖੇਡਾ ਸੋਇਰੀ ਜਾਂ ਸੁਇਨੀ ਗੋਤ ਦੇ ਖੱਤਰੀ ਗੁਰ-ਦਰਬਾਰ ਦਰਸ਼ਨਾਂ ਨੂੰ ਆਏ। ਉਨ੍ਹਾਂ ਪਾਤਸ਼ਾਹ ਦੇ ਚਰਨਾਂ 'ਤੇ ਮੱਥਾ ਟੇਕਿਆ। ਅੱਗੇ ਬਾਣੀ ਦੀ ਵਿਚਾਰ ਚਲ ਰਹੀ ਸੀ। ਦੋਨੋਂ ਹਜ਼ੂਰ ਬੈਠ ਗਏ। ਗੁਰ-ਸ਼ਬਦ ਕੰਨੀਂ ਪੈਣ ਨਾਲ ਮਨ ਟਿਕ ਗਿਆ। ਦੋਨੋਂ ਇਕਾਗਰਚਿਤ ਹੋ ਗਏ। ਦੋਹਾਂ ਦਾ ਉਦੇਸ਼ ਮਨ ਜੋੜਨਾਂ ਸੀ ਜੋ ਉਸੇ ਵੇਲੇ ਜੁੜ ਗਿਆ। ਜਦੋਂ ਸ਼ਬਦ ਦੀ ਵਿਚਾਰ ਸੰਪੂਰਨ ਹੋਈ ਤੇ ਗੱਲਬਾਤ ਦਾ ਸਮਾਂ ਆਇਆ ਤਾਂ ਸਤਿਗੁਰਾਂ ਪੁੱਛਿਆ : ਭਾਈ! ਜਿਹੜੀ ਕਾਮਨਾ ਲੈ ਕੇ ਆਏ ਹੋ ਸੋ ਪੁੱਛੋ। ਭਾਈ ਪਿਰਥਾ ਜੀ ਨੇ ਅਰਦਾਸ ਬੇਨਤੀ ਕੀਤੀ; ਗਰੀਬ ਨਿਵਾਜ਼ ਪਾਤਸ਼ਾਹ! ਸਾਨੂੰ ਆਪਣੇ ਚਰਨਾਂ ਦੀ ਸ਼ਰਨ ਵਿਚ ਰੱਖੋ। ਏਥੇ ਸੁਖ ਦੀ ਬਖ਼ਸ਼ਿਸ਼ ਕਰੋ। ਬਸ ਏਹੀ ਦਾਨ ਦਿਉ। ਇਹ ਸੰਸਾਰ ਅਸਾਰ ਹੈ (ਬੇਖ਼ਬਰ ਹੈ, ਗਾਫ਼ਲ ਹੈ) ਜਿਵੇਂ ਦਿੱਸਦਾ ਹੈ। ਸੋ ਮਨ ਨੂੰ ਤ੍ਰਿਪਤੀ ਹੁਣ ਆਈ ਹੈ। ਇਹ ਬਣੀ ਰਹੇ। ਹੋਰ ਕੁਝ ਦੀ ਕਾਮਨਾ ਨਹੀਂ। ਜਿਵੇਂ ਆਪ ਨੇ ਬਚਨ ਕੀਤਾ ਹੈ-

ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ॥

*(ਪੰਨਾ ੪੩੭)*

ਤੇਰੀ ਭਗਤੀ ਦੇ ਭੰਡਾਰ ਕਦੇ ਨਿਖੁੱਟੇ ਨਹੀਂ; ਕਦੇ ਮੁੱਕਦੇ ਨਹੀਂ। ਪਹਿਲਾਂ ਵੀ ਸਿੱਖ ਖਾ ਕੇ ਅਨੰਦ-ਪ੍ਰਸੰਨ ਸਨ। ਹੁਣ ਵੀ ਖਾਂਦੇ ਹਨ, ਅੱਗੋਂ ਵੀ ਖਾਂਦੇ ਰਹਿਣਗੇ। ਸਾਨੂੰ ਇਹੀ ਦਾਨ ਬਖਸ਼ੋ ਜੋ ਆਪ ਦਾ ਹੁਕਮ ਸਾਨੂੰ ਮਿੱਠਾ ਲੱਗੇ। ਹੋਰ ਮੰਗਣ ਦੀ ਆਸ ਨਵਿਰਤ ਹੋਵੇ, ਮੁੱਕ ਜਾਵੇ। ਬਸ ਆਪ ਦੇ ਚਰਨਾਂ ਦੀ ਸ਼ਰਨ ਰਹੀਏ। ਇਹ ਸੁਣ ਕੇ ਸਤਿਗੁਰਾਂ ਨੇ ਉਪਦੇਸ਼ ਕੀਤਾ : 'ਤੁਸੀਂ ਚਰਨ ਸ਼ਰਨ ਮੰਗੀ ਹੈ, ਮੇਰੇ ਚਰਨ ਸਾਧ ਸੰਗਤਿ ਵਿਚ ਸਦਾ ਰਹਿੰਦੇ ਹਨ।

Sri Satguru Jagjit Singh Ji Elibrary NamdhariElibrary@gmail.com

ਤੁਸੀਂ ਸਾਧ ਸੰਗਤਿ ਦੀ ਸੇਵਾ ਕਰਨੀ ਹੈ। ਧਰਮਸਾਲ (ਗੁਰਦੁਆਰੇ) ਦੋਵੇਂ ਵੇਲੇ ਜਾਣਾ ਹੈ। ਸਾਧਸੰਗਤਿ, ਸਤਿਗੁਰ ਤੇ ਵਾਹਿਗੁਰੂ ਜੀ ਵਿਚ ਕੋਈ ਭੇਦ ਨਹੀਂ ਜਾਣਨਾ। ਤੁਸੀਂ ਇਸ ਸਮੇਂ ਸ਼ਬਦ ਸੁਣ ਕੇ ਜੁੜੇ ਹੋ। ਸ਼ਬਦ ਸੁਣ ਕੇ ਸਦਾ ਜੁੜੇ ਰਹੋਗੇ। ਸ਼ਬਦ ਦੀ ਕਮਾਈ ਕਰੋਗੇ ਤਾਂ ਸ਼ਬਦ ਨਾਲ ਮਿਲੋਗੇ। ਸਰੀਰ ਤਾਂ ਸਰਗੁਣ ਰੂਪ ਹੈ। ਸ਼ਬਦ ਨਿਰਗੁਣ ਰੂਪ ਹੈ। ਸਰੀਰ ਨਾਲ ਜੁੜੋਗੇ ਤਾਂ ਫਿਰ ਵਿੱਛੜੋਗੇ। ਸ਼ਬਦ ਨਾਲ ਮਿਲੋਗੇ ਤਾਂ ਵਿੱਛੜੋਗੇ ਨਹੀਂ। ਇਸ ਤਰ੍ਹਾਂ ਨਾਮ-ਦਾਨ ਦੀ ਬਖ਼ਸ਼ਿਸ਼ ਭਾਈ ਪਿਰਥਾ ਤੇ ਖੇੜਾ 'ਤੇ ਕਰ ਕੇ ਹੋਰ ਉਪਦੇਸ਼ ਕੀਤਾ: ਧਰਮ ਦੀ ਕਿਰਤ ਕਰਨੀ ਤੇ ਲੋੜਵੰਦ ਨਾਲ ਵੰਡ ਕੇ ਖਾਣਾ ਹੈ। ਦੋਹਾਂ ਨੇ ਸਤਿਗੁਰਾਂ ਦੇ ਹੁਕਮਾਂ ਅਨੁਸਾਰ ਘਾਲ-ਕਮਾਈ ਕੀਤੀ ਤੇ ਭਵਜਲ ਤੋਂ ਤਰ ਗਏ। ਭਾਈ ਗੁਰਦਾਸ ਜੀ ਨੇ ਇਨ੍ਹਾਂ ਸੰਬੰਧੀ ਉਲੇਖ ਕਰਦਿਆਂ ਕਿਹਾ ਹੈ:

ਪਿਰਥਾ ਖੇੜਾ ਸੋਇਰੀ ਚਰਨ ਸਰਣ ਸੁਖ ਸਹਜਿ ਨਿਵਾਸੀ।

*(ਵਾਰ ੧੧-੧੩)*

Sri Satguru Jagjit Singh Ji Elibrary NamdhariElibrary@gmail.com

# ਭਾਈ ਮਰਦਾਨਾ ਜੀ

ਦੀਨ ਦੁਨੀਆ ਦੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਰਾਇ- ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਬੈਠੇ ਹੋਏ ਸਨ। ਇਕ ਡੂੰਮ ਨੇ ਆ ਕੇ ਰਬਾਬ ਵਜਾਇਆ ਤੇ ਰਾਗ ਅਲਾਪਿਆ। ਉਸ ਦਾ ਰਾਗ ਸੁਣਕੇ ਸਾਹਿਬ ਬੜੇ ਪ੍ਰਸੰਨ ਹੋਏ। ਪਾਤਸ਼ਾਹ ਨੇ ਪੁੱਛਿਆ ਕੀ ਨਾਂ ਹੈ ਤੇਰਾ? ਜੀ ਦਾਨਾ ਮਰਾਸੀ ਹੈ ਲੋਕ ਕਹਿੰਦੇ ਹਨ। ਸਾਹਿਬਾਂ ਨੇ ਫੁਰਮਾਨ ਕੀਤਾ ਤੂੰ ਰਬਾਬ ਚੰਗੀ ਵਜਾਉਂਦਾ ਏਂ, ਰਾਗ ਦੀ ਵੀ ਤੈਨੂੰ ਸੋਝੀ ਹੈ। ਪਰ ਜੇ ਤੂੰ ਅਸਾਡਾ ਸੰਗ ਕਰੇ ਤੇ ਇਹ ਰਾਗ ਸ਼ਬਦ ਨਾਲ ਗਾਵੇਂ ਤਾਂ ਅਸੀਂ ਤੇਰਾ ਦੀਨ ਦੁਨੀਆ ਵਿਚ ਉਧਾਰ ਕਰੀਏ। ਉਸ ਨੇ ਕਿਹਾ ਜੀ ਅਸੀਂ ਤਾਂ ਧਨੀ ਲੋਕਾਂ ਨੂੰ ਰਾਗ ਸੁਣਾ ਕੇ ਚਾਰ ਪੈਸੇ ਕਮਾਉਂਦੇ ਹਾਂ ਤੇ ਧੀਆਂ ਪੁੱਤਰਾਂ ਵਿਚ ਬੈਠ ਕੇ ਦੁਨੀਆ ਦੀ ਗੁਜ਼ਾਰਨ ਕਰਦੇ ਹਾਂ। ਪੰਜ ਵੇਲੇ ਨਮਾਜ਼ ਪੜ੍ਹਦੇ ਹਾਂ, ਤੀਹ ਰੋਜ਼ੇ ਰਮਜ਼ਾਨ ਨੂੰ ਰੱਖਦੇ ਹਾਂ। ਇਸ ਨਾਲ ਸਾਡਾ ਦੀਨ ਦਾ ਭਲਾ ਹੁੰਦਾ ਹੈ। ਤੁਸੀਂ ਤਾਂ ਉਦਾਸੀ ਚਹੁੰਦੇ ਹੋ। ਤੇਰੇ ਨਾਲ ਲੱਗਾਂਗੇ ਤਾਂ ਪਰਿਵਾਰ ਭੁੱਖ ਨਾਲ ਮਰ ਜਾਣਗੇ। ਨਮਾਜ਼ ਨਾ ਪੜ੍ਹੀ, ਰੋਜ਼ੇ ਨਾ ਰੱਖੇ ਤਾਂ ਦੁਨੀਆ ਤੇ ਦੀਨ ਦੋਨੋਂ ਵਿਅਰਥ ਜਾਣਗੇ। ਫਿਰ ਉਧਾਰ ਕਿਸ ਤਰ੍ਹਾਂ ਹੋਇਆ। ਮਿਹਰਾਂ ਦੇ ਦਾਤੇ ਨੇ ਕਿਹਾ 'ਭਾਈ ਦਾਨਿਆਂ ਤੂੰ ਤਾਂ ਦਿਵਾਨਾ ਹੋਇਆ ਹੈਂ। ਸਾਰੀ ਸ੍ਰਿਸ਼ਟੀ ਦਾ ਪਾਲਣ ਨਿਰੰਕਾਰ ਕਰਦਾ ਹੈ ਕਿ ਤੂੰ ਕਰਦਾ ਹੈਂ। ਇਹ ਦਿਵਾਨਿਆਂ ਦੀ ਬਿਰਤੀ ਹੈ, ਜੋ ਤੂੰ ਆਪਣੇ ਸਿਰ ਰਿਸ਼ਤੇਦਾਰਾਂ ਦਾ ਭਾਰ ਚੁੱਕ ਲਿਆ। ਸਭਨਾਂ ਜੀਆਂ ਦਾ ਪਾਲਣ ਵਾਹਿਗੁਰੂ ਕਰਦਾ ਹੈ। ਤੂੰ ਕਿਹਾ ਰੋਜ਼ੇ ਤੇ ਨਮਾਜ਼ ਨਾਲ ਮੇਰਾ ਭਲਾ ਹੋਵੇਗਾ ਤਾਂ ਦੱਸ ਰੋਜ਼ੇ ਤੇ ਨਮਾਜ਼ ਦਾ ਅਰਥ ਕੀ ਹੈ? ਕਿੰਨੇ ਵੇਲੇ ਰੋਜ਼ਾ ਤੇ ਨਮਾਜ਼ ਸੰਸਾਰ ਵਿਚ ਆਉਂਦਾ ਹੈ ਤਾਂ ਅੱਗੋਂ ਡੂਮ ਨੇ ਕਿਹਾ ਕਿ ਜੀ ਰੋਜ਼ੇ, ਨਮਾਜ਼ ਦਾ ਅਰਥ ਤਾਂ ਮੈਂ ਜਾਣਦਾ ਨਹੀਂ ਕੇਵਲ ਇਹੀ ਜਾਣਦਾ ਹਾਂ ਕਿ ਪੰਜ ਵੇਰਾਂ ਨਮਾਜ਼ ਕਰਨੀ ਹੈ ਤੇ ਇਕ ਮਹੀਨਾ ਰਮਜਾਨ ਤੇ ਰੋਜ਼ੇ ਸਾਲ ਦੇ ਸਾਲ ਆਉਂਦੇ ਹਨ। ਪਾਤਸ਼ਾਹ ਨੇ ਕਿਹਾ ਹੋਰ ਸਮੇਂ ਨਮਾਜ਼ ਤੇ ਰੋਜ਼ੇ ਕਿਥੇ ਰਹਿੰਦੇ ਹਨ ਤਾਂ ਮਰਦਾਨੇ ਨੇ ਕਿਹਾ ਜੀ ਉਹ ਖ਼ੁਦਾ ਦੇ ਘਰ ਰਹਿੰਦੇ ਹਨ। ਫਿਰ

Sri Satguru Jagjit Singh Ji Elibrary NamdhariElibrary@gmail.com

ਪਾਤਸ਼ਾਹ ਨੇ ਬਚਨ ਕੀਤਾ ਖ਼ੁਦਾ ਦਾ ਘਰ ਕੌਣ ਹੈ। ਤਾਂ ਅੱਗੋਂ ਉਸ ਨੇ ਕਿਹਾ ਜੀ ਮੈਂ ਨਹੀਂ ਵੇਖਿਆ। ਤਾਂ ਗੁਰੂ ਪਿਤਾ ਨੇ ਕਿਹਾ ਖ਼ੁਦਾ ਦਾ ਘਰ ਸੰਤਾਂ ਦਾ ਹਿਰਦਾ ਹੈ ਅਤੇ ਸੰਤ ਖ਼ੁਦਾ ਦੇ ਹਿਰਦੇ ਵਿਚ ਵਸਦੇ ਹਨ। ਜੋ ਸਵਾਸ-ਸਵਾਸ ਵਾਹਿਗੁਰੂ ਦਾ ਨਾਮ ਜਪਦੇ ਹਨ, ਨਮਾਜ਼ ਸਦਾ ਉਨ੍ਹਾਂ ਦੇ ਹਿਰਦੇ ਵਿਚ ਵੱਸਦੀ ਹੈ ਅਤੇ ਨਮਾਜ਼ ਪੰਜ ਵੇਲੇ ਜਗਤ ਵਿਚ ਆਉਂਦੀ ਹੈ। ਜੋ ਗੁਰਮੁਖ ਪੁਰਸ਼ ਸੰਜਮ ਨਾਲ ਅਹਾਰ ਕਰਦੇ ਹਨ, ਉਨ੍ਹਾਂ ਦੇ ਘਰ ਸਦਾ ਰੋਜ਼ੇ ਰਹਿੰਦੇ ਹਨ। ਜੋ ਸਤਿਪੁਰਖਾਂ ਦਾ ਸੰਗ ਕਰਦੇ ਹਨ ਉਨ੍ਹਾਂ ਨੂੰ ਸੰਜਮ ਪ੍ਰਾਪਤ ਹੁੰਦਾ ਹੈ। ਉਨ੍ਹਾਂ ਨੂੰ ਵੀ ਨਮਾਜ਼ ਤੇ ਰੋਜ਼ੇ ਦਾ ਫਲ ਮਿਲਦਾ ਹੈ। ਇਹ ਸੁਣਕੇ ਮਰਦਾਨੇ ਡੂੰਮ ਨੇ ਕਿਹਾ ਪਾਤਸ਼ਾਹ ਜੀ ਜੋ ਨਿਮਾਜ਼ ਤੇ ਰੋਜ਼ੇ ਦਾ ਅਰਥ ਦੱਸਿਆ ਹੈ ਉਸ ਬਾਰੇ ਅਸਾਂ ਨੂੰ ਵੀ ਕ੍ਰਿਪਾ ਕਰਕੇ ਸੋਝੀ ਦਿਉ। ਸਤਿਗੁਰਾਂ ਨੇ ਬਚਨ ਕਰਦਿਆਂ ਕਿਹਾ ਭਾਈ ਦਾਨਿਆਂ ਜਿਸ ਵੇਲੇ ਪਰਲੋ ਆਵੇਗੀ ਤਾਂ ਸਭ ਖੜੇ ਹੋਣਗੇ ਅਤੇ ਨਿਰੰਕਾਰ ਪੁੱਛੇਗਾ ਕਿ ਤੁਹਾਨੂੰ ਮਨੁੱਖਾ ਜਨਮ ਦਿੱਤਾ ਸੀ ਤੇ ਸਭ ਪਦਾਰਥ ਦਿੱਤੇ ਸਨ। ਚੋਵੀ ਹਜ਼ਾਰ ਸਵਾਸ ਰੋਜ਼ ਅਜਾਈਂ ਜਾਂਦਾ ਸੀ ਤੁਸੀਂ ਨਾਮ ਬਾਣੀ ਦਾ ਭਜਨ ਕਿਉਂ ਨਹੀਂ ਕੀਤਾ। ਉਮਰ ਬਿਰਥੀ ਕਿਉਂ ਗਵਾਈ। ਇਸ ਦਾ ਜਦੋਂ ਦੰਡ ਮਿਲਿਆ ਤਾਂ ਪਛੋਤਾਵੋਗੇ। ਉਸ ਵਕਤ ਪੀਰ, ਮੁਰਸ਼ਦ, ਪੈਗੰਬਰ ਵੀ ਉਥੋਂ ਇਕ ਪਾਸੇ ਹੋਣਗੇ ਉਨ੍ਹਾਂ ਅੱਗੇ ਬੇਨਤੀ ਕਰੋਗੇ ਕਿ ਅਸੀਂ ਤੁਹਾਡੇ ਮੁਰੀਦ ਹੋਏ ਸੀ। ਹੁਣ ਸਾਨੂੰ ਛਡਾਵਹੁ। ਅੱਗੇ ਪੀਰ ਕਹਿਣਗੇ ਜਦੋਂ ਤੁਹਾਡੇ ਸਰੀਰ ਅਰੋਗ ਸਨ, ਅਸੀਂ ਤੁਹਾਨੂੰ ਪੁਕਾਰ ਕੇ ਕਹਿੰਦੇ ਸੀ ਕਿ ਤੁਸੀਂ ਨਿਰੰਕਾਰ ਦਾ ਭਜਨ ਕਰੋ, ਪਰਮੇਸ਼ਰ ਨਮਿਤ ਦਾਨ ਦੇਵੋ, ਸਤਿਪੁਰਖਾਂ ਦੀ ਸੇਵਾ ਕਰੋ। ਉਸ ਸਮੇਂ ਸਾਡਾ ਕਹਿਣਾ ਨਹੀਂ ਮੰਨਿਆ ਅਤੇ ਆਪਣੇ ਕੁਟੰਬੀਆਂ ਨੂੰ ਮਿੱਤਰ ਸਮਝਿਆ ਹੁਣ ਵੀ ਉਨ੍ਹਾਂ ਨੂੰ ਕਹੋ। ਦੂਜੇ ਪਾਸੇ ਤੁਹਾਡੇ ਕੁਟੰਬੀ ਸਜ਼ਾ ਪਾ ਰਹੇ ਹੋਣਗੇ ਤੇ ਉਹ ਕਹਿਣਗੇ ਅਸੀਂ ਤਾਂ ਕਰਮਾਂ ਦੇ ਫੜੇ ਹੋਏ ਹਾਂ ਤਾਂ ਤੁਸੀਂ ਦੋਹਾਂ ਪਾਸਿਆਂ ਤੋਂ ਨਿਰਾਸ਼ ਹੋ ਕੇ ਪ੍ਰਭੂ ਅੱਗੇ ਹੱਥ ਅੱਡੋਗੇ ਕਿ ਹੇ ਨਿਰੰਕਾਰ ਹੁਣ ਬਖਸ਼ ਲੈ। ਇਸ ਵਾਸਤੇ ਜੇ ਹੁਣ ਤੂੰ ਮਰਦਾਨਾ ਹੋਵੇਂ ਅਤੇ ਸੰਤਾਂ ਦਾ ਸੰਗ ਕਰੇ ਅਤੇ ਸ਼ਬਦ ਰਾਗ ਨਾਲ ਗਾਵੇਂ ਤਾਂ ਅਸੀਂ ਤੇਰਾ ਲੋਕ ਤੇ ਪਰਲੋਕ ਦਾ ਕਾਰਜ ਕਰਾਂਗੇ। ਅੱਗੋਂ ਡੂਮ ਨੇ ਕਿਹਾ ਪਾਤਸ਼ਾਹ ਜਿਵੇਂ ਆਪ ਦੀ ਰਜ਼ਾ ਹੋਵੇ। ਪਾਤਸ਼ਾਹ ਨੇ ਬਚਨ ਕੀਤਾ ਅਸਾਂ ਤੇਰਾ ਨਾਂ ਮਰਦਾਨਾ ਰੱਖਿਆ ਹੈ। ਵਾਹਿਗੁਰੂ ਦਾ ਭਜਨ ਕਰ। ਤੇਰੀ ਅਤੇ ਪਰਿਵਾਰ ਦੀ ਖ਼ਬਰ ਅਸੀਂ ਲਵਾਂਗੇ। ਮਰਦਾਨਾ ਪਾਤਸ਼ਾਹ ਦੀ ਚਰਨੀ ਢਹਿ ਪਿਆ। ਫਿਰ ਪਾਤਸ਼ਾਹ ਨੇ ਫੁਰਮਾਨ ਕੀਤਾ:

Sri Satguru Jagjit Singh Ji Elibrary NamdhariElibrary@gmail.com

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥3]

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੧)*

ਪਾਤਸ਼ਾਹ ਨੇ ਨਮਾਜ਼ ਦੇ ਅਰਥ ਸਮਝਾਉਂਦਿਆਂ ਆਖਿਆ ਮਰਦਾਨਿਆਂ ਪਹਿਲੀ ਨਮਾਜ਼ ਸੱਚ ਬੋਲਣਾ ਤੇ ਸੱਚ ਕਮਾਉਣਾ ਹੈ। ਦੂਜੀ ਨਮਾਜ਼ ਧਰਮ ਦੀ ਕਿਰਤ ਕਰਕੇ ਖਾਣਾ ਹੈ ਅਤੇ ਮਨ ਨੂੰ ਸਤਿਗੁਰ ਦੇ ਬਚਨਾਂ ਦੀ ਕਦਰ ਕਰਨ ਲਈ ਪ੍ਰੇਰਨਾ ਹੈ। ਤੀਜੀ ਨਮਾਜ਼ ਸਭ ਦਾ ਭਲਾ ਚਿਤਵਣਾ ਹੈ ਅਤੇ ਪਰਮੇਸ਼ਵਰ ਦੇ ਨਿਮਿਤ ਵੰਡ ਕੇ ਖਾਣਾ ਹੈ। ਚੌਥੀ ਨਮਾਜ਼ ਮਨਸ਼ਾ ਸ਼ੁੱਧ ਰੱਖਣੀ ਹੈ ਕਿ ਕਿਸ ਤਰ੍ਹਾਂ ਪ੍ਰਭੂ ਦੇ ਨਾਮ ਦੀ ਪਰਤੀਤ ਪ੍ਰਾਪਤ ਹੋਵੇਗੀ। ਪੰਜਵੀਂ ਨਮਾਜ਼ ਇਹ ਹੈ ਕਿ ਜੋ ਸੁਆਸ ਹਨ ਉਹ ਨਿਰੰਕਾਰ ਦੀ ਸਿਫ਼ਤ ਵਿਚ ਗੁਜ਼ਾਰਨੇ ਹਨ। ਸਮਾਂ ਚੰਗੇ ਕੰਮ ਕਰਦਿਆਂ ਬਤੀਤ ਕਰਨਾ ਹੈ ਅਤੇ ਸਤਿਪੁਰਖਾਂ ਦੀ ਟਹਲ ਸੇਵਾ ਕਰਨੀ ਹੈ। ਇਹੀ ਕਲਮਾ ਹੈ। ਜੋ ਇਹ ਪੜ੍ਹੇਗਾ ਉਹ ਨਰਕ ਵਿਚ ਨਹੀਂ ਜਾਵੇਗਾ। ਇਹ ਬਚਨ ਸੁਣਕੇ ਭਾਈ ਮਰਦਾਨਾ ਨਿਹਾਲ ਹੋਇਆ ਅਤੇ ਉਹ ਪਾਤਸ਼ਾਹ ਦੇ ਨਾਲ ਦੁਨੀਆ ਨੂੰ ਨਿਸਤਾਰਨ ਲਈ ਤੁਰ ਪਿਆ। ਭਾਈ ਗੁਰਦਾਸ ਜੀ ਨੇ ਭਾਈ ਮਰਦਾਨੇ ਬਾਰੇ ਇਸ ਤਰ੍ਹਾਂ ਲਿਖਿਆ ਹੈ:

ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ॥

*(ਵਾਰ ੧੧-੧੩)*

Sri Satguru Jagjit Singh Ji Elibrary NamdhariElibrary@gmail.com

## ਸ਼ਬਦ ਦਾ ਅਭਿਆਸ

ਸ੍ਰੀ ਗੁਰੂ ਨਾਨਕ ਸਾਹਿਬ ਮਿਹਰਾਂ ਦੇ ਦਾਤਾ ਆਪਣੀ ਰਹਿਮਤ ਦੀ ਬਾਰਸ਼ ਕਰਤਾਰਪੁਰ ਵਿਚ ਕਰ ਰਹੇ ਸਨ। ਤਿੰਨ ਜਗਿਆਸੂ ਭਾਈ ਪ੍ਰਿਥੀ ਮੱਲ, ਭਾਈ ਸਹਿਗਲ ਤੇ ਰਾਮਾ ਡਿੱਡੀ ਪਾਤਸ਼ਾਹ ਦੇ ਦਰਸ਼ਨਾਂ ਨੂੰ ਆਏ। ਸਤਿਗੁਰਾਂ ਦੇ ਚਰਨੀਂ ਲੱਗ ਕੇ ਤਿੰਨਾਂ ਨੇ ਅਰਦਾਸ ਕੀਤੀ: ਪਾਤਸ਼ਾਹ! ਅਸਾਨੂੰ ਕੋਈ ਸੁਖਾਲਾ ਰਸਤਾ ਦੱਸੋ ਜਿਸਦੀ ਅਸੀਂ ਭਗਤੀ ਕਰਕੇ ਅਕਾਲ ਪੁਰਖ ਨਾਲ ਇਕਰੂਪ ਹੋ ਜਾਈਏ। ਪਾਤਸ਼ਾਹ ਨੇ ਕਿਹਾ: ਭਾਈ! ਤਪ ਕਰੋ। ਉਨ੍ਹਾਂ ਕਿਹਾ: ਅਸੀਂ ਤਾਂ ਗ੍ਰਿਹਸਥੀ ਆਦਮੀ ਹਾਂ, ਕੰਮਾਂ-ਕਾਰਾਂ ਵਾਲੇ; ਤਪ ਕਰਨਾ ਤਿਆਗੀਆਂ ਦਾ ਕੰਮ ਹੈ। ਵਿਹਲੜਾਂ ਦਾ ਕਾਰਜ ਹੈ। ਸਾਨੂੰ ਤਾਂ ਕੋਈ ਸੌਖਾ ਰਸਤਾ ਦੱਸੋ। ਪਾਤਸ਼ਾਹ ਬੋਲੇ: ਭਾਈ! ਪਰਮਾਰਥ ਵੀ ਵਿੱਦਿਆ ਹੈ। ਇਸ ਨੂੰ ਸਮਝੋ। ਤੁਸੀਂ ਤਿੰਨ ਗੁਣਾਂ (ਤਮੋ, ਰਜੋ, ਸਤੋ) ਬਾਰੇ ਸੁਣਿਆ ਹੋਵੇਗਾ। ਕੀ ਕਦੇ ਕੋਈ ਇਨ੍ਹਾਂ ਦਾ ਲਾਭ ਹਾਨ ਵੀ ਸਮਝਿਆ ਹੈ? ਭਾਈ ਰਾਮੇ ਨੇ ਕਿਹਾ : ਅਸੀਂ ਤਾਂ ਕਾਰ-ਵਿਹਾਰਾਂ ਵਿਚ ਰਹਿੰਦੇ ਹਾਂ। ਕਦੀ-ਕਦੀ ਮੌਤ ਦਾ ਡਰ ਜ਼ਰੂਰ ਲੱਗਦਾ ਹੈ ਕਿ ਇਹ ਅਟੱਲ ਤੇ ਸਤ ਹੈ। ਮਰਨਾ ਜ਼ਰੂਰ ਹੈ ਪਰ ਅਸੀਂ ਜੋ ਜੀਊ ਰਹੇ ਹਾਂ, ਪੰਡਾਂ ਢੋ ਰਹੇ ਹਾਂ। ਰੋਜ਼-ਰੋਜ਼ ਉਹੀ ਵਿਹਾਰ, ਉਹੀ ਭੋਗ, ਉਹੀ ਪਿਆਰ, ਉਹੀ ਵੈਰ, ਉਹੀ ਝਗੜੇ ਤੇ ਟਾਂਟੇ। ਬਚਪਨ ਵਿਚ ਪਾਲਣਾ-ਪੋਸਣਾ, ਚਪੇੜਾਂ, ਝਿੜਕਾਂ। ਜੁਆਨੀ ਵਿਚ ਭੋਗਾਂ ਦੇ ਰਸ। ਬੁਢਾਪੇ ਸਮੇਂ ਟੁੱਟ ਤੇ ਖੁੱਸ ਤਾਕਤ ਦਾ ਰੋਣਾ, ਭੋਗਾਂ ਤੇ ਵਿਜੋਗਾਂ ਦੇ ਸੰਸੇ ਤੇ ਕੀਰਨੇ। ਇਸ ਸਭ ਕੁਝ ਤੋਂ ਛੁਟਕਾਰੇ ਵਾਸਤੇ ਸੋਝੀ ਲਈ ਤੁਰੇ ਤਾਂ ਪਤਾ ਲੱਗਾ ਕਿ ਜਗਤ-ਮਾਲਕ ਤੇ ਪਾਲਕ ਨਿਰੰਕਾਰ ਸਦਾ ਸੁਖੀ ਹੈ। ਉਸਨੂੰ ਪ੍ਰਾਪਤ ਕੀਤਿਆਂ ਸਦਾ ਸੁਖ ਮਿਲਦਾ ਹੈ। ਇਸ ਲਈ ਪਾਤਸ਼ਾਹ! ਆਪ ਜੀ ਦਾ ਜੱਸ ਸੁਣ ਕੇ ਆਏ ਹਾਂ ਕਿ ਆਪ ਕਲਜੁਗ ਵਿਚ ਉਸਦਾ ਰੂਪ ਹੋ ਕੇ ਆਏ ਹੋ, ਸਾਡੇ ਉੱਤੇ ਵੀ ਮਿਹਰ ਕਰੋ। ਸਾਹਿਬਾਂ ਨੇ ਫ਼ੁਰਮਾਇਆ: ਭਾਈ! ਤਿੰਨਾਂ ਗੁਣਾਂ ਨੂੰ ਆਪਣੇ ਜੀਵਨ ਦੇ ਵਰਤਾਰੇ ਵਿਚ ਤੱਕੋ ਤੇ ਵਿਵੇਕ ਨਾਲ ਉਨ੍ਹਾਂ ਦੀ ਵਰਤੋਂ ਕਰੋ ਤਾਂ ਉਸ ਤੋਂ ਉੱਚੇ ਉੱਠ

Sri Satguru Jagjit Singh Ji Elibrary NamdhariElibrary@gmail.com

ਜਾਓਗੇ। ਉਥੇ ਸਦਾ ਸੁਖ ਹੈ। ਭਾਈ ਸਹਿਗਲ ਨੇ ਕਿਹਾ: ਹਜ਼ੂਰ ਪਿਤਾ! ਮਿਹਰ ਕਰੋ, ਸਾਨੂੰ ਵੀ ਸੁਣਾਉ, ਸਮਝਾਉ ਤੇ ਸਿਖਾਓ। ਇਸ 'ਤੇ ਗੁਰੂ ਨਾਨਕ ਸਾਹਿਬ ਜੀ ਨੇ ਬਚਨ ਕਰਦਿਆਂ ਕਿਹਾ: ਭਾਈ! ਆਦਮੀ ਤਿੰਨ ਗੁਣਾਂ ਵਿਚ ਵਰਤਦਾ ਹੈ। ਇਸ ਦੇ ਕਰਮ ਤਿੰਨਾਂ ਗੁਣਾਂ ਵਿਚ ਹਨ। ਕਦੇ ਤਮੋ ਗੁਣੀ, ਕਦੇ ਰਜੋ ਗੁਣੀ ਤੇ ਕਦੇ ਸਤੋ ਗੁਣੀ ਕਾਰਜ ਕਰਦਾ ਹੈ। ਇਸੇ ਤਰ੍ਹਾਂ ਤਪ ਵੀ ਤਿੰਨ ਤਰ੍ਹਾਂ ਦਾ ਹੈ- ਤਮੋ ਗੁਣੀ, ਰਜੋ ਗੁਣੀ ਤੇ ਸਤੋ ਗੁਣੀ। ਪਹਿਲਾ ਹੈ ਸਰੀਰ ਨੂੰ ਨੰਗਿਆਂ ਰੱਖ ਕੇ, ਪਾਲਾ ਕੱਕਰ ਜਾਂ ਗਰਮੀ ਸਹਾਰ ਕੇ, ਭੁੱਖਿਆਂ ਰੱਖ ਕੇ, ਅਗਨੀ ਦੀਆਂ ਧੂਣੀਆਂ ਜਾਂ ਜਲ ਵਿਚ ਬਿਠਾ ਕੇ ਕੀਤੀ ਘਾਲਣਾ ਜਾਂ ਸਹਾਰੇ ਕਸ਼ਟ ਤਮੋਗੁਣ ਜਾਂ ਤਾਮਸੀ ਤਪ ਹੈ। ਇਸ ਵਿਚ ਤਪੀ ਕਾਮਨਾ ਧਾਰਦਾ ਹੈ। ਉਸਨੂੰ ਰਿਧੀਆਂ-ਸਿਧੀਆਂ ਫੁਰਦੀਆਂ ਹਨ। ਇਹ ਬਹੁਤ ਕਠਨ ਤਪ ਹੈ। ਇਸ ਤਪ ਸਮੇਂ ਤਪੀਆਂ ਵਿਚ ਕ੍ਰੋਧ ਵਧਦਾ ਤੇ ਕਾਮ ਵੀ ਫੁਰਦਾ ਹੈ। ਦੂਜਾ ਹੈ- ਰਾਜਸੀ ਜਾਂ ਰਜੋ ਗੁਣੀ। ਇਸ ਵਿਚ ਅੱਖਾਂ ਨੂੰ ਵਿਕਾਰੀ ਦ੍ਰਿਸ਼ਟੀ ਵੱਲੋਂ ਮੋੜਨਾ ਹੁੰਦਾ ਹੈ। ਕੰਨਾਂ ਨੂੰ ਨਿੰਦਿਆ, ਚੁਗਲੀ ਤੇ ਈਰਖਾ ਸੁਣਨੋ ਵਰਜਣਾ ਹੈ। ਹੱਥਾਂ ਨੂੰ ਬੁਰੇ ਕੰਮ ਕਰਨ ਵੱਲੋਂ ਹੋੜਿਆ ਜਾਂਦਾ ਹੈ। ਪੈਰਾਂ ਨੂੰ ਮੰਦੇ ਰਾਹਾਂ ਤੋਂ ਜਾਣੋ ਹਟਾਇਆ ਜਾਂਦਾ ਹੈ। ਰਸਨਾ ਨੂੰ ਝੂਠੇ, ਨਿੰਦਾ ਭਰੇ ਤੇ ਕੌੜੇ ਬੋਲ ਬੋਲਣ ਤੋਂ ਹਟਾਇਆ ਜਾਂਦਾ ਹੈ। ਸਰੀਰ ਨੂੰ ਅਰਥ (ਮਾਇਆ) ਦੇ ਭੋਗਾਂ ਤੋਂ ਰੋਕਿਆ ਜਾਂਦਾ ਹੈ। ਇਸ ਦੀ ਥਾਂ ਅੱਖਾਂ ਨੂੰ ਭਲੇ ਤੇ ਗੁਣੀ ਮਨੁੱਖ ਦੇ ਦਰਸ਼ਨ, ਕੰਨਾਂ ਰਾਹੀਂ ਸਤ-ਬਾਣੀ, ਕੀਰਤਨ ਸੁਣਨ ਤੇ ਰਸਨਾ ਨਾਲ ਮਿੱਠੇ ਤੇ ਸੱਚੇ ਬਚਨ ਬੋਲਣਾ। ਹੱਥਾਂ ਨੇ ਮਨੁੱਖਤਾ ਦੀ ਸੇਵਾ ਤੇ ਦਾਨ ਕਰਨਾ ਹੈ। ਪੈਰ ਨਾਲ ਸਤਿ ਸੰਗਤ ਵਿਚ ਜਾਇਆ ਜਾਂਦਾ ਹੈ। ਮਾੜੇ ਕੰਮਾਂ ਨੂੰ ਛੱਡ ਕੇ ਚੰਗੇ ਨਾਲ ਜੁੜਨ ਲਈ ਜਤਨ ਹੁੰਦਾ ਹੈ। ਤੀਸਰਾ- ਸਤੋਗੁਣ ਤਪ ਹੈ। ਇਸਨੂੰ ਸਾਤਕੀ ਤਪ ਵੀ ਕਿਹਾ ਜਾਂਦਾ ਹੈ। ਇਸ ਦਾ ਭਾਵ ਹੈ ਜੇ ਤੁਸੀਂ ਗੁਰਮਤਿ ਦੇ ਰਸਤੇ 'ਤੇ ਤੁਰੋਗੇ ਤਾਂ ਦੋ ਵਸਤੂਆਂ ਪ੍ਰਾਪਤ ਹੋਣਗੀਆਂ-- ਨਾਮ ਤੇ ਸਿਫ਼ਤ-ਸਲਾਹ। ਅਕਾਲ ਪੁਰਖ ਦਾ ਨਾਮ ਜਪੋਗੇ, ਸਿਮਰੋਗੇ ਤੇ ਮਨ ਅਤੇ ਪ੍ਰਾਣਾਂ ਵਿਚ ਵਸਾਉਗੇ ਤਾਂ ਅੰਤ ਨਾਮੀ ਨੂੰ ਪਾ ਲਵੋਗੇ। ਸੱਚੇ ਪਰਵਦਿਗਾਰ ਦੀ ਸਿਫ਼ਤ-ਸਲਾਹ ਨਾਲ ਬਾਣੀ ਦਾ ਦਾਨ ਮਿਲੇਗਾ। ਉਸਨੂੰ ਪੜ੍ਹ ਕੇ ਵਿਚਾਰਨ ਨਾਲ ਮਨ ਦੀ ਮੈਲ ਕਟੀ ਜਾਵੇਗੀ। ਮਨ ਵਿਚ ਨਿਰਮਲਤਾ ਆਏਗੀ। ਇਸ ਨਾਲ ਤਿੰਨ ਗੁਣਾਂ ਤੋਂ ਉੱਚੇ ਉੱਠ ਜਾਵੋਗੇ ਤੇ ਸਦਾ ਸੁਖ ਪ੍ਰਾਪਤ ਕਰੋਗੇ। ਮਨੁੱਖਾ ਜਨਮ ਦਾ ਲਾਹਾ ਲੈਣ ਲਈ ਆਪਣੇ ਮੂਲ ਨੂੰ ਪਛਾਨਣਾ ਹੈ। ਸਰੀਰ ਦਾ ਮੂਲ ਮਨ ਹੈ। ਮਨ ਦਾ ਮੂਲ

Sri Satguru Jagjit Singh Ji Elibrary NamdhariElibrary@gmail.com

ਆਤਮਾ ਹੈ। ਆਤਮਾ ਦਾ ਮੂਲ ਪਰਮਾਤਮਾ ਹੈ। ਪਰਮਾਤਮਾ ਰਸ ਰੂਪ ਹੈ, ਸਤਿ ਸਰੂਪ ਹੈ, ਪਰਮ ਅਨੂਪ ਹੈ। ਸਰਬ ਕਾਲੀ, ਸਰਬਦੇਸੀ ਤੇ ਸਰਬ-ਸ਼ਕਤੀਮਾਨ ਹੈ। ਉਸ ਮੂਲ ਵਿਚ ਮਿਲਣਾ ਹੈ। ਉਸ ਤੋਂ ਦੂਰੀ ਜਾਂ ਵਿੱਥ ਕਰਕੇ ਹੀ ਜੀਵ ਦੁਖਾਂ ਸੁਖਾਂ ਦਾ ਭਾਗੀ ਬਣਦਾ ਹੈ। ਇਸ ਰਾਹੇ ਤੁਰਨਾ ਹੈ ਤਾਂ ਨਾਮ ਬਾਣੀ ਧਾਰਨ ਕਰੋ ਤੇ ਆਪਣੀਆਂ ਇੰਦਰੀਆਂ ਨੂੰ ਸਤ ਵੱਲ ਲਾਉ; ਭਗਤੀ ਕਲਿਆਣ ਹੋਵੇਗੀ! ਤੁਹਾਨੂੰ ਸਰਬ ਸੁਖ ਤੇ ਸਦਾ ਸੁਖ ਪ੍ਰਾਪਤ ਹੋ ਜਾਵੇਗਾ! ਪਾਤਸ਼ਾਹ ਦੇ ਨਿਰਮਲ ਉਪਦੇਸ਼ ਸੁਣ ਕੇ ਭਾਈ ਪ੍ਰਿਥੀ ਮੱਲ, ਭਾਈ ਸਹਿਗਲ ਅਤੇ ਭਾਈ ਰਾਮਾ ਡਿਡੀ ਗੁਰਾਂ ਦੇ ਚਰਨੀਂ ਪੈ ਗਏ ਤੇ ਬੇਨਤੀ ਕੀਤੀ: ਪਾਤਸ਼ਾਹ! ਨਾਮ ਦੀ ਦਾਤ ਬਖਸ਼ੋ। ਬਖਸ਼ਿਸ਼ਾਂ ਦੇ ਮਾਲਕ ਪਾਤਸ਼ਾਹਾਂ ਦੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਨੇ ਤਿੰਨਾਂ ਨੂੰ ਨਾਮ ਦੀ ਰਹਿਮਤ ਕਰ ਦਿੱਤੀ ਤੇ ਨਾਲ ਹੀ ਕਿਹਾ: ਸਤਿਸੰਗਤ ਵਿਚ ਪੁੱਜ ਕੇ ਪਹੁੰਚਣਾ ਹੈ। ਗ੍ਰਿਹਸਤ ਵਿਚ ਰਹਿਣਾ, ਸ਼ਬਦ ਦਾ ਅਭਿਆਸ ਵੀ ਕਰਨਾ ਹੈ। ਤਿੰਨੋਂ ਸਿੱਖਾਂ ਨੇ ਗੁਰੂ ਨਾਨਕ ਸਾਹਿਬ ਦੇ ਘਰ ਦੀ ਸਿਖਿਆ-ਦੀਖਿਆ ਲੈ ਕੇ ਆਪਣੇ ਪਰਵਾਰ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਹੋਰ ਬਹੁਤ ਸਾਰਿਆਂ ਨੂੰ ਗੁਰਮਤਿ ਗਾਡੀ ਰਾਹ 'ਤੇ ਪਾਇਆ। ਇਸ ਤਰ੍ਹਾਂ ਉਨ੍ਹਾਂ ਲੋਕ ਸੁਖੀਆ ਤੇ ਪਰਲੋਕ ਸੁਹੇਲਾ ਕਰ ਲਿਆ। ਸ਼ਬਦ ਦੇ ਅਭਿਆਸ ਕਰਕੇ ਉਨ੍ਹਾਂ ਨੂੰ "ਭਗਤਿ ਅਭਿਆਸੀ ਕਿਹਾ ਜਾਂਦਾ ਸੀ। ਭਾਈ ਗੁਰਦਾਸ ਜੀ ਇਨ੍ਹਾਂ ਤਿੰਨ ਗੁਰਸਿੱਖਾਂ ਪਰਥਾਇ ਸਤਿਕਾਰ ਵਜੋਂ ਲਿਖਦੇ ਹਨ-

ਪਿਰਥੀ ਮਲੁ ਸਹਗਲੁ ਭਲਾ ਰਾਮਾ ਡਿਡੀ ਭਗਤਿ ਅਭਿਆਸੀ।

(ਵਾਰ ੧੧-੧੩)

Sri Satguru Jagjit Singh Ji Elibrary NamdhariElibrary@gmail.com

# ਕਥਾ ਤੇ ਕੀਰਤਨ

ਭਾਈ ਮਾਲੋ ਅਤੇ ਭਾਈ ਮਾਂਗਾ ਗੁਰੂ ਨਾਨਕ ਪਾਤਸ਼ਾਹ ਦੇ ਵਰੋਸਾਏ ਸਿੱਖ ਸਨ। ਦੋਵੇਂ ਕੀਰਤਨ ਤੇ ਕਥਾ ਬੜੇ ਪਿਆਰ ਨਾਲ ਕਰਦੇ ਹੁੰਦੇ ਸਨ। ਦੋਵੇਂ ਜਣੇ ਇਕ ਦਿਨ ਪਾਤਸ਼ਾਹ ਦੇ ਦਰਸ਼ਨਾਂ ਨੂੰ ਆਏ। ਭਾਈ ਮਾਲੋ ਤੇ ਮਾਂਗਾ ਦੋਵਾਂ ਰਲ ਕੇ ਨਿਰੰਕਾਰ ਸਰੂਪ ਪਾਤਸ਼ਾਹ ਅੱਗੇ ਅਰਜ਼ ਕੀਤੀ: ਪਾਤਸ਼ਾਹ ਹਜ਼ੂਰ! ਅਸਾਂ ਨੂੰ ਕੋਈ ਉਪਦੇਸ਼ ਦੇਵੋ ਜਿਸ ਨਾਲ ਸਾਡੇ ਜੀਵਨ ਦਾ ਉਧਾਰ ਹੋ ਜਾਵੇ। ਸਾਡਾ ਜਨਮ-ਮਰਨ ਕੱਟਿਆ ਜਾਵੇ। ਪਾਤਸ਼ਾਹ ਨੇ ਬਚਨ ਕੀਤਾ: ਮਨ ਤੇ ਇੰਦਰੀਆਂ ਨੂੰ ਕਾਬੂ ਵਿਚ ਰੱਖਣਾ ਹੈ। ਇਸ ਲਈ ਪ੍ਰਭੂ ਦੀ ਭਗਤੀ ਕਰਨੀ ਹੈ। ਕਥਾ ਤੇ ਕੀਰਤਨ ਕਰਨਾ ਹੈ। ਜੀਵ ਤਾਮਸੀ ਤਪ ਕਰਕੇ ਕਰਮ ਕਰਦਾ ਹੈ ਜੋ ਨਿਰਾਰਥਕ ਹਨ, ਜਿਵੇਂ ਅਗਨੀ ਤਪ ਕਰਕੇ ਸਰੀਰ ਨੂੰ ਅੱਗ ਨਾਲ ਸਾੜਨਾ, ਠੰਡੇ ਜਲ ਦੇ ਤਪ ਨਾਲ ਸਰੀਰ ਨੂੰ ਸੀਤ ਨਾਲ ਠਾਰਨਾ, ਉਰਧ ਤਪ (ਉਪਰ ਬਾਹਾਂ ਕਰਕੇ ਸੁਕਾ ਦੇਣੀਆਂ), ਪੁੱਠਾ ਲਟਕਣਾ, ਇਕ ਪੈਰ ਉੱਤੇ ਖਲੋਣਾ, ਜੰਗਲਾਂ ਵਿਚ ਰਹਿਣਾ ਅਤੇ ਕੰਦਮੂਲ ਖਾ ਕੇ ਗੁਜ਼ਾਰਾ ਕਰਨਾ, ਤੀਰਥ ਭ੍ਰਮਣ ਕਰਕੇ ਚੰਦ੍ਰਾਇਣੀ (ਇਕ ਤਰ੍ਹਾਂ ਵਰਤ ਜਿਸ ਵਿਚ ਚੰਦ੍ਰਮਾ ਦੇ ਘਟਣ-ਵਧਣ ਅਨੁਸਾਰ ਇਕ ਗ੍ਰਾਹੀ ਮੋਰ ਦੇ ਅੰਡੇ ਜਿੰਨੀ ਤੋਂ ਸ਼ੁਰੂ ਕਰਕੇ ਘਟਾਈ, ਵਧਾਈ ਜਾਂਦੀ ਹੈ) ਤਪ ਆਦਿ ਤਾਮਸੀ ਤਪ ਹੈ ਅਤੇ ਕਠਨ ਹਨ:

ਅਗਨਿ ਤਾਪ ਨਾ ਜਲ ਮਹਿ ਰਹਿਨੋ।
ਬ੍ਰਤ ਕਰਨੋ ਸੀਤੋਸਨ ਸਹਿਨੋ।
ਊਰਧ ਬਾਹੁ ਅਧੋ ਸਿਰ ਕਰਨਾ।
ਖਰੇ ਹੋਨਿ ਚਿਰ ਲੈ ਇਕ ਚਰਨਾ॥੫॥
ਕੰਦ ਮੂਲ ਚੁਨਿ ਖਾਵਨੇ, ਤੀਰਥ ਤੀਰ ਨਿਵਾਸ।
ਭੂਮਿ ਭਰਮ, ਚੰਦਾਇਣੀ ਤਮ ਗੁਣ ਏ ਤਪ ਰਾਸ॥੬॥

*(ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿ:੪੩, ਪੋਥੀ ਚੌਥੀ, ਪੰਨਾ ੧੧੨੫)*

ਇਸ ਵਾਸਤੇ ਸੌਖੇ ਕਰਮ ਕਰਨ ਦੀ ਲੋੜ ਹੈ। ਸੌਖੇ ਕਰਮਾਂ ਵਿਚ

Sri Satguru Jagjit Singh Ji Elibrary NamdhariElibrary@gmail.com

ਇੰਦਰੀਆਂ ਤੇ ਮਨ ਨੂੰ ਇਕਾਗਰ ਕਰ ਕੇ ਕਥਾ ਤੇ ਕੀਰਤਨ ਵਿਚ ਧਿਆਨ ਲਾ ਕੇ ਗਾਉਣਾ ਤੇ ਸੁਣਨਾ ਹੈ। ਇਨ੍ਹਾਂ ਦਾ ਫਲ ਵੱਡਾ ਅਤੇ ਖੇਚਲ ਥੋੜ੍ਹੀ ਹੈ। ਅੱਗੋਂ ਭਾਈ ਮਾਂਗੋ ਨੇ ਪੁੱਛਿਆ, ਪਾਤਸ਼ਾਹ! ਅਸੀਂ ਤਾਂ ਸੁਣਿਆ ਸੀ ਕਿ ਜੋ ਵੱਡੀ ਮਿਹਨਤ ਕਰੇਗਾ ਸੋ ਵੱਡਾ ਫਲ ਪਾਵੇਗਾ। ਪਰ ਆਪ ਦਾ ਬਚਨ ਹੈ ਕਿ ਕਥਾ ਤੇ ਕੀਰਤਨ ਸੁਗਮ ਕਰਮ ਹੈ ਅਤੇ ਫਲ ਵੱਡਾ ਹੈ। ਇਹ ਸਾਡੀ ਅਲਪ ਮਤ ਜੀਵਾਂ ਦੀ ਸਮਝ 'ਚ ਨਹੀਂ ਆਉਂਦੀ। ਇਸ ਦਾ ਗਿਆਨ ਤਾਂ ਦੇਵੋ। ਪਾਤਸ਼ਾਹ ਨੇ ਬਚਨ ਕੀਤਾ: ਭਾਈਓ! ਜੋ ਲੱਕੜਹਾਰੇ ਲੱਕੜੀਆਂ ਲਿਆਉਂਦੇ ਹਨ ਤੇ ਪਾਂਡੀ ਪੰਡਾਂ ਲਿਆਉਂਦੇ ਹਨ ਇਹ ਮਜ਼ੂਰੀ ਤਾਂ ਵੱਡੀ ਹੈ ਪਰ ਨਫ਼ਾ ਥੋੜ੍ਹਾ ਹੁੰਦਾ ਹੈ। ਦੂਜੇ ਜੋ ਲੂਣ ਅਤੇ ਅੰਨ ਦੀ ਹੱਟੀ ਕਰਦੇ ਹਨ ਉਨ੍ਹਾਂ ਦੀ ਮਿਹਨਤ ਤਾਂ ਘੱਟ ਹੈ ਪਰ ਨਫ਼ਾ ਵਧੇਰੇ ਹੁੰਦਾ ਹੈ। ਸਰਾਫ ਤੇ ਬਜਾਜ (ਕੱਪੜੇ ਵਾਲੇ) ਉਨ੍ਹਾਂ ਤੋਂ ਵੀ ਘੱਟ ਮਿਹਨਤ ਕਰਦੇ ਹਨ, ਗਹਿਣਿਆਂ ਤੇ ਰੁਪਈਆਂ ਦਾ ਸੌਦਾ ਕਰਦੇ ਹਨ ਅਤੇ ਨਫ਼ਾ ਬਹੁਤ ਹੁੰਦਾ ਹੈ। ਜੌਹਰੀ ਮੋਤੀ ਤੇ ਹੀਰਿਆਂ ਦਾ ਵਪਾਰ ਕਰਦੇ ਹਨ ਤੇ ਬੈਠੇ-ਬੈਠੇ ਹੀ ਬਹੁਤ ਜ਼ਿਆਦਾ ਲਾਭ ਹੁੰਦਾ ਹੈ। ਇਸ ਤਰ੍ਹਾਂ ਹੋਰ ਜੋ ਤਪ ਹਨ ਉਨ੍ਹਾਂ ਨਾਲ ਸਰੀਰ ਨੂੰ ਕਸ਼ਟ ਜ਼ਿਆਦਾ ਹੁੰਦਾ ਹੈ। ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਕਥਾ-ਕੀਰਤਨ ਤੇ ਪੜ੍ਹਨ-ਸੁਣਨ ਨਾਲ ਪਹਿਲੇ ਤਾਂ ਉਪਾਸਨਾ ਦ੍ਰਿੜ੍ਹ ਹੁੰਦੀ ਹੈ, ਪਿੱਛੋਂ ਇਸ ਵਿੱਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ। ਇਸ ਲਈ ਇਸ ਨੂੰ ਸਾਤਕੀ ਤਪ ਕਿਹਾ ਜਾਂਦਾ ਹੈ। ਪਾਤਸ਼ਾਹ ਦੇ ਇਹ ਬਚਨ ਭਾਈ ਮਾਲੋ ਤੇ ਭਾਈ ਮਾਂਗਾ ਨੇ ਦ੍ਰਿੜ੍ਹ ਕਰ ਲਏ। ਪਿੱਛੋਂ ਭਾਈ ਮਾਲੋ ਪੋਥੀ ਤੋਂ ਗੁਰੂ ਕੀ ਬਾਣੀ ਦੀ ਕਥਾ ਕਰਦੇ ਅਤੇ ਭਾਈ ਮਾਂਗਾ ਸਨਮੁਖ ਬੈਠ ਕੇ ਸਭ ਇੰਦਰੀਆਂ ਤੇ ਮਨ ਨੂੰ ਸੰਕੋਚ ਕੇ ਸੁਣਦੇ ਸਨ। ਫਿਰ ਦੋਵੇਂ ਮਿਲ ਕੇ ਕੀਰਤਨ ਕਰਦੇ ਸਨ। ਉਨ੍ਹਾਂ ਦੀ ਰਸਨਾ ਤੋਂ ਸਿੱਖਾਂ ਨੂੰ ਰਸ ਆਉਂਦਾ ਸੀ। ਸਭ ਸੰਗਤ ਉਨ੍ਹਾਂ ਦੇ ਕੀਰਤਨ ਤੋਂ ਅਨੰਦ ਮਾਣਦੀ ਸੀ। ਭਾਈ ਗੁਰਦਾਸ ਜੀ ਦਾ ਐਸਾ ਹੀ ਕਥਨ ਹੈ ਭਾਈ ਮਾਲੋ ਅਤੇ ਭਾਈ ਮਾਂਗਾ ਜੀ ਬਾਰੇ:

ਮਾਲੋ ਮਾਂਗਾ ਸਿਖ ਦੁਇ ਗੁਰਬਾਣੀ ਰਸਿ ਰਸਿਕ ਬਿਲਾਸੀ।

*(ਵਾਰ ੧੧-੧੩)*

ਉਨ੍ਹਾਂ ਦੇ ਕਥਾ-ਕੀਰਤਨ ਦਾ ਇੰਨਾ ਅਨੰਦ ਆਉਂਦਾ ਸੀ ਕਿ ਜੋ ਕੋਈ ਸੁਣਦਾ ਸੀ ਸਭ ਦੇ ਪਾਪ ਧੋਤੇ ਜਾਂਦੇ ਸਨ। ਦੋਵੇਂ ਧਰਮ ਦੀ ਕਿਰਤ ਕਰ ਕੇ, ਵੰਡ ਕੇ ਛਕਦੇ ਅਤੇ ਆਏ-ਗਏ ਸਿੱਖ ਦੀ ਟਹਿਲ-ਸੇਵਾ ਕਰਦੇ ਸਨ। ਇਸ

Sri Satguru Jagjit Singh Ji Elibrary NamdhariElibrary@gmail.com

ਤਰ੍ਹਾਂ ਦੋਹਾਂ ਦੀ ਸੇਵਾ ਨਾਲ ਸਾਰੇ ਹੀ ਇਲਾਕੇ ਦਾ ਕਲਿਆਣ ਹੋਇਆ। ਕਵੀ ਸੰਤੋਖ ਸਿੰਘ ਜੀ ਭਾਈ ਮਾਲੋ ਅਤੇ ਭਾਈ ਮਾਂਗਾ ਜੀ ਬਾਰੇ ਲਿਖਦੇ ਹਨ:

ਜੋ ਜੋ ਸਿਖ ਤਿਨ ਤੇ ਸੁਨਤਿ ਤਯਾਗਹਿ ਬ੍ਰਿੰਦ ਬਿਕਾਰ।
ਧਰਮ ਕ੍ਰਿਤ ਕਰਿ ਵੰਡਿ ਕੈ ਅਚਵਹਿ ਬਹੁਰ ਅਹਾਰ।
ਸਿਖ ਸੰਤ ਜਾਇ ਸੁ ਤਿਨਕੇ ਡੇਰੇ।
ਸੇਵਾ ਕਰਿਹੀਂ ਭਾਉ ਘਨੇਰੇ।
ਤਿਨਕੇ ਸਦਨ ਦੇਸ਼ ਜਿਸ ਮਾਂਹੀ।
ਭਾ ਉਧਾਰ ਬਹੁ ਨਰਨ ਤਹਾਂ ਹੀ।
ਜਬ ਜਬ ਆਵਹਿਂ ਦਰਸ਼ਨ ਹੇਤਾ।
ਸ਼ਬਦ ਪਢਤਿ ਨਰ ਬ੍ਰਿੰਦ ਸਮੇਤਾ।
ਭਵਬੰਧਨ ਤੇ ਹੋਇ ਨਿਹਾਰੇ।
ਸੰਗੀ ਅਪਰ ਅਨੇਕ ਉਧਾਰੇ।

*(ਗੁਰਪ੍ਰਤਾਪ ਸੂਰਜ ਗ੍ਰੰਥ, ਅਧਿ, ੪੩)*

Sri Satguru Jagjit Singh Ji Elibrary NamdhariElibrary@gmail.com

## ਸਨਮੁਖ ਕੌਣ ਹੈ?

ਭਾਈ ਕਾਲੂ ਜੀ, ਗੁਰੂ ਨਾਨਕ ਪਾਤਸ਼ਾਹ ਦੇ ਸਨਮੁਖ ਸਿੱਖ ਹੋਏ ਹਨ। ਜਦੋਂ ਪਾਤਸ਼ਾਹ ਦੀ ਸ਼ਰਨ ਕਰਤਾਰਪੁਰ ਆਏ ਤਾਂ ਮਨ ਵਿਚ ਬਹੁਤ ਸਾਰੇ ਪ੍ਰਸ਼ਨ ਸਨ। ਸਤਿਗੁਰਾਂ ਦੇ ਦਰਸ਼ਨ ਕੀਤਿਆਂ ਹਿਰਦਾ ਸ਼ਾਂਤ ਹੋ ਗਿਆ। ਪ੍ਰਸ਼ਨ ਮੁੱਕ ਗਏ। ਦਰਬਾਰ ਦੀ ਸੇਵਾ ਵਿਚ ਜੁੱਟ ਗਏ। ਇਕ ਦਿਨ ਸਮਾਂ ਪਾ ਕੇ ਪਾਤਸ਼ਾਹ ਨੂੰ ਪੁੱਛਿਆ, "ਗਰੀਬ-ਨਿਵਾਜ! ਸਨਮੁਖ ਕਿਸ ਨੂੰ ਆਖਦੇ ਹਨ ਅਤੇ ਵੇਮੁਖ ਕੌਣ ਹੁੰਦਾ ਹੈ।" ਨਰਾਇਣ ਰੂਪ ਪਾਤਸ਼ਾਹ ਨੇ ਬਚਨ ਕੀਤਾ, "ਹੇ ਭਾਈ ਕਾਲੂ! ਜੋ ਪਾਪਾਂ ਨੂੰ ਪਿੱਠ ਦਿੰਦੇ ਹਨ ਅਤੇ ਪੁੰਨਾਂ ਨੂੰ ਕਮਾਉਂਦੇ ਹਨ ਸੋ ਸਨਮੁਖ ਹਨ, ਦੂਜਾ ਜੋ ਗੁਰੂ ਦੇ ਦਰਸ਼ਨ ਨੂੰ ਸਨਮੁਖ ਬੈਠ ਕੇ ਸੁਣੇ ਅਤੇ ਆਪਣੇ ਮਨ ਦੀ ਬਿਰਤੀ ਦਾ ਸਾਖੀ ਹੋਵੇ। ਹੇ ਭਾਈ! ਚਾਰ ਸਾਖੀਆਂ ਸਨਮੁਖਾਂ ਦੀਆਂ ਹਨ ਜਿਸ ਕਰਕੇ ਗੁਰੂ ਨੂੰ ਸਿੱਖ ਸਨਮੁਖ ਹੁੰਦੇ ਹਨ।" "ਪਾਤਸ਼ਾਹ ਜੀ! ਉਹ ਕਿਹੜੀਆਂ ਸਾਖੀਆਂ ਹਨ?" ਬੇਨਤੀ ਕਰਦਿਆਂ ਕਾਲੂ ਨੇ ਕਿਹਾ। ਪਾਤਸ਼ਾਹ ਨੇ ਫ਼ੁਰਮਾਇਆ, "ਇਕ ਮੈਤ੍ਰੀ ਹੈ, ਦੂਜੀ ਕਰੁਣਾ ਹੈ, ਤੀਜੀ ਮੁਦਤਾ ਹੈ ਅਤੇ ਚੌਥੀ ਉਪੇਖਿਆ ਹੈ।" "ਜੀ ਪਾਤਸ਼ਾਹ! ਇਹ ਮੈਤ੍ਰੀ, ਉਪੇਖਿਆ ਕੀ ਹੈ? ਅਸਾਂ ਨੂੰ ਨਹੀਂ ਪਤਾ, ਕਿਰਪਾ ਕਰੋ ਅਤੇ ਅਰਥ ਦੱਸ ਕੇ ਕ੍ਰਿਤਾਰਥ ਕਰੋ।" ਦੀਨ-ਦਇਆਲ ਪਾਤਸ਼ਾਹ ਨੇ ਕਿਹਾ, "ਜੇ ਇਹ ਜੀਉ ਕਹੇ ਕਿ ਸਾਰੇ ਸੰਸਾਰ ਦੇ ਸੁਖ ਮੇਰੇ ਕੋਲ ਹੀ ਹੋਣ। ਪਰ ਅਜਿਹਾ ਤਾਂ ਨਹੀਂ ਹੋਵੇਗਾ। ਉਸ ਨੂੰ ਉਹੀ ਕੁਝ ਮਿਲੇਗਾ ਜੋ ਉਸ ਦੇ ਲੇਖੇ ਵਿਚ ਹੋਵੇਗਾ ਪਰ ਜੇ ਸਭ ਸਿੱਖਾਂ ਨੂੰ ਆਪਣਾ ਮਿੱਤਰ ਕਰਕੇ ਜਾਣੇ। ਮਿੱਤਰ ਦੇ ਸੁਖ ਵੀ ਆਪਣੇ ਹੀ ਹੁੰਦੇ ਹਨ ਅਤੇ ਆਪਣੇ ਕੋਲ ਜੋ ਕੁਝ ਥੋੜ੍ਹਾ-ਬਹੁਤ ਧਨ-ਦੌਲਤ ਹੋਵੇ, ਵਿੱਦਿਆ ਦਾ ਕੋਈ ਗੁਣ ਹੋਵੇ ਤਾਂ ਵੀ ਮਿੱਤਰ ਸਮਝ ਕੇ ਵੰਡ ਕੇ ਛਕੇ, ਜੋ ਬੁੱਧ ਜਾਂ ਗਿਆਨ ਹੋਵੇ, ਉਸ ਤੋਂ ਮਿੱਤਰਾਂ ਨੂੰ ਲਾਭ ਹੋਵੇ, ਸੁਖ ਦੇਵੇ ਇਹ ਮੈਤ੍ਰੀ ਹੈ:

ਪਿਖੇ ਸੁਖੀ ਕਿਹ ਨਿਜ ਸੁਖ ਜਾਨੈ।  
ਪਰ ਸੁਖ ਦੇਖਿ ਨ ਈਰਖਾ ਠਾਨਹਿ।  
ਬਿੱਦਯਾ ਕਿਧੌਂ ਦਰਬ ਨਿਜ ਪਾਸਾ।

Sri Satguru Jagjit Singh Ji Elibrary NamdhariElibrary@gmail.com

ਤਿਹ ਸੋਂ ਪਰ ਕੋ ਦੇ ਸੁਖ ਰਾਸਾ॥੨੮॥
ਕਰਤਿ ਭਲਾਈ ਮੀਤ ਸੋਂ ਤਿਉਂ ਕੀਜੈ ਸਭਿ ਸੰਗ।
ਮੈਤ੍ਰੀ ਕੇ ਲੱਛਨ ਇਹੈ ਕਰੈ ਨ ਕਿਹ ਮਨ ਭੰਗ॥੨੯॥

*(ਗੁਰਪ੍ਰਤਾਪ ਸੂਰਜ ਗ੍ਰੰਥ, ਅਧਿ: ੪੩, ਜਿਲਦ ਚੌਥੀ, ਪੰਨਾ ੧੧੨੭)*

ਜੋ ਧਨ-ਦੌਲਤ ਹੁੰਦਿਆਂ ਨੀਵਾਂ ਹੋਵੇ, ਬੁੱਧ ਕਰਕੇ ਨੀਵਾਂ ਹੋਵੇ, ਵਿੱਦਿਆ ਕਰਕੇ ਨੀਵਾਂ ਹੋਵੇ ਅਤੇ ਬਲ ਕਰਕੇ ਨੀਵਾਂ ਹੋਵੇ, ਦੂਜੇ ਨੂੰ ਭਰਾ ਦਾ ਪੁੱਤ ਸਮਝ ਕੇ ਉਸ ਦੀ ਸਹਾਇਤਾ ਕਰੇ ਅਤੇ ਇਸ ਦਾ ਹੰਕਾਰ ਕਦੀ ਮਨ ਨਾ ਲਿਆਵੇ :

ਨਿਜ ਤੇ ਬਿੱਦਯਾ ਕੈ ਧਨ ਮਾਂਹੀ।
ਕੈ ਬਲ ਬਿਖੈ ਕਿ ਮਤਿ ਲਘੁ ਆਹੀ।
ਤਿਨ ਕੋ ਅਨੁਜ ਆਤਮ ਜਨਯਾਈ।
ਕਰਿ ਸਹਾਇਤਾ ਦੇਇ ਬਧਾਈ।
ਲਘੁ ਕੋ ਦੇਖਿ ਗਰਬ ਨਹਿਂ ਕਰਿਹੀਂ।
ਇਸ ਕੋ ਕਰੁਨਾ ਸੰਤ ਉਚਰਿਹੀਂ॥ *(ਉਹੀ)*

ਤੀਸਰੇ- ਜੋ ਆਪਣੇ ਤੋਂ ਬੁੱਧੀ, ਗੁਣਾਂ ਅਤੇ ਗਿਆਨ ਕਰਕੇ ਵੱਡਾ ਹੋਏ ਉਸ ਨੂੰ ਵੇਖ ਕੇ, ਸੁਣ ਕੇ ਸਿੱਖ ਪ੍ਰਸੰਨ ਹੋਵੇ। ਮੁੱਖ ਤੋਂ ਇਹ ਬੋਲੇ, ਧੰਨ ਵਾਹਿਗੁਰੂ ਜੁ ਐਸੇ ਵੀ ਸਿੱਖ ਹਨ। ਜਿਵੇਂ ਆਪਣੇ ਪਿਤਾ ਜਾਂ ਗੁਰੂ ਦਾ ਜਸ-ਸਨਮਾਨ ਸੁਣ ਕੇ ਕੋਈ ਪ੍ਰਸੰਨ ਹੁੰਦਾ ਹੈ, ਉਸੇ ਤਰ੍ਹਾਂ ਦੂਸਰੇ ਦਾ ਜੱਸ ਸੁਣ ਕੇ ਖ਼ੁਸ਼ ਹੋਵੇ, ਅਨੰਦ ਮਾਣੇ, ਨਿੰਦਾ ਕਿਸੇ ਦੀ ਨਾ ਕਰੇ। ਇਸ ਨੂੰ ਮੁਦਤਾ ਆਖਦੇ ਹਨ।

ਚੌਥੇ- ਉਪੇਖਿਆ ਉਹ ਹੈ ਜੋ ਆਪਣੀ ਬੁੱਧੀ ਅਤੇ ਸਤਿਗੁਰਾਂ ਦੇ ਬਚਨਾਂ ਦੇ ਅਨੁਸਾਰ ਸਭਨਾਂ ਨੂੰ ਉਪਦੇਸ਼ ਕਰੇ। ਪਰ ਜੋ ਸਤਿ ਕਰਕੇ ਮੰਨੇ ਉਸ ਨੂੰ ਫ਼ਿਰ ਵੀ ਉਪਦੇਸ਼ ਦਿੰਦਾ ਰਹੇ। ਜੋ ਸਤਿ ਕਰਕੇ ਨਾ ਮੰਨੇ, ਉਥੇ ਹਠ ਨਾ ਕਰੇ। ਇਹ ਸਮਝ ਇਸ ਦੀ ਪਰਾਲਬਧ (ਕਰਮਾਂ 'ਚ) ਨਹੀਂ, ਚੁੱਪ ਕਰ ਜਾਵੇ। ਇਸ ਦਾ ਨਾਮ ਉਪੇਖਿਆ ਹੈ।

ਇਸ ਤਰ੍ਹਾਂ ਭਾਈ ਕਾਲੂ ਗੁਰੂ ਪਾਤਸ਼ਾਹ ਜੀ ਦੇ ਬਚਨ ਸੁਣ ਕੇ ਨਿਹਾਲ ਹੋਇਆ। ਭਾਈ ਕਾਲੂ ਨੇ ਸੱਚੇ ਪਾਤਸ਼ਾਹ ਦੇ ਬਚਨ ਸੁਣੇ ਅਤੇ ਉਨ੍ਹਾਂ ਨੂੰ ਜੀਵਨ ਵਿਚ ਢਾਲਿਆ। ਇਸ ਨਾਲ ਜਿੱਥੇ ਉਹ ਆਪ ਤਰ ਗਏ, ਉਥੇ ਦੂਸਰਿਆਂ ਨੂੰ ਤਾਰਨ ਦੇ ਸਮਰੱਥ ਵੀ ਬਣੇ। ਭਾਈ ਸੰਤੋਖ ਸਿੰਘ ਜੀ ਅਜਿਹੇ ਸਿੱਖਾਂ ਤੋਂ ਬਲਿਹਾਰ ਜਾਂਦੇ ਹੋਏ ਲਿਖਦੇ ਹਨ:

Sri Satguru Jagjit Singh Ji Elibrary NamdhariElibrary@gmail.com

ਇਸ ਬਿਧਿ ਸ੍ਰੀ ਗੁਰ ਬਚ ਸੋ ਸੁਨਿਕੈ।
ਬਰਤਯੋ ਤਿਸ ਪ੍ਰਕਾਰ ਮਨ ਗੁਨਿਕੈ।
ਇਉਂ ਕਾਲੂ ਕੋ ਭਾ ਨਿਸਤਾਰੇ।
ਮਿਲੇ ਜੁ ਨਰ ਤਿਹ ਸੋਿਪ ਉਧਾਰੇ॥੩੮॥
ਭਾਉ ਧਾਰਿ ਜਿਹ ਨਰ ਗੁਰ ਦਰਸੇ।
ਬਚਨ ਸੁਣੇ, ਪਦ ਪੰਕਜ ਪਰਸੇ।
ਸੋ ਉਧਰੇ, ਸੰਗ ਬ੍ਰਿੰਦ ਉਧਾਰੇ।
ਤਿਨ ਪਰ ਕਵਿ ਸਦੀਵ ਬਲਿਹਾਰੇ॥੩੯॥

*(ਗੁਰਪ੍ਰਤਾਪ ਸੂਰਜ ਗ੍ਰੰਥ, ਅਧਿ: ੪੩, ਜਿਲਦ ਚੌਥੀ, ਪੰਨਾ ੧੧੨੮)*

ਭਾਈ ਗੁਰਦਾਸ ਜੀ ਨੇ ਭਾਈ ਕਾਲੂ ਨੂੰ ਸਨਮੁਖ ਹੋ ਕੇ ਚੱਲਣ ਵਾਲਾ ਸਿੱਖ ਦੱਸਿਆ ਹੈ ਜਿਨ੍ਹਾਂ ਨੇ ਸਭ ਉਸਤਤਿ ਪ੍ਰਾਪਤ ਕੀਤੀ:

ਸਨਮੁਖਿ ਕਾਲੂ ਆਸ ਧਾਰ ਗੁਰਬਾਣੀ ਦਰਗਹ ਸਾਬਾਸੀ।

*(ਵਾਰ ੧੧-੧੩)*

Sri Satguru Jagjit Singh Ji Elibrary NamdhariElibrary@gmail.com

## ਮਨਮੁਖ ਕੌਣ?

ਭਾਈ ਭਗਤਾ ਜੀ ਅਤੇ ਭਾਈ ਜਾਪੂ ਜੀ ਕਰਤਾਰਪੁਰ ਆਏ ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਦਰਸ਼ਨ ਪਾ ਕੇ ਪ੍ਰਸੰਨ ਹੋਏ। ਗੁਰ-ਦਰਬਾਰ ਵਿਚ ਸੰਗਤ ਬੈਠੀ ਹੋਈ ਸੀ। ਮਧੁਰ ਕੀਰਤਨ ਹੋ ਰਿਹਾ ਸੀ। ਸਰੋਤੇ ਸੁਣ ਕੇ ਅਨੰਦ-ਚਿੱਤ ਹੋ ਰਹੇ ਸਨ। ਕੀਰਤਨ ਪਿੱਛੋਂ ਦੋਹਾਂ ਖੜ੍ਹੇ ਹੋ ਕੇ ਅਰਜ਼ ਕੀਤੀ, "ਹੇ ਮਿਹਰਾਂ ਦੇ ਸਾਈਆਂ! ਜੋ ਵਿੱਦਿਆ ਜਾਣਦੇ ਗਿਆਨੀ ਹਨ, ਉਹ ਪੜ੍ਹ ਕੇ ਉਧਰ ਜਾਣਗੇ। ਅਸੀਂ ਨਾ ਤਾਂ ਗਿਆਨੀ ਹਾਂ, ਨਾ ਸਾਡੇ ਕੋਲ ਵਿੱਦਿਆ ਹੈ ਅਤੇ ਅਸੀਂ ਪੜ੍ਹ ਸਮਝ ਵੀ ਕੁਝ ਨਹੀਂ ਸਕਦੇ ਫਿਰ ਸਾਡਾ ਅਗਿਆਨੀਆਂ ਦਾ ਉਧਾਰ ਕਿਵੇਂ ਹੋਵੇਗਾ?" ਸਤਿਗੁਰਾਂ ਭਾਈ ਭਗਤਾ ਜੀ ਤੇ ਭਾਈ ਜਾਪੂ ਜੀ ਦੀ ਸੰਕਾ ਸੁਣੀ ਤੇ ਬਚਨ ਕੀਤਾ, "ਹੇ ਭਾਈ! ਮਨਮੁਖਾਂ ਦੇ ਕਰਮ ਦਾ ਤਿਆਗ ਕਰੋ ਅਤੇ ਗੁਰਸਿੱਖਾਂ ਦੀ ਟਹਿਲ ਕਰਿਆ ਕਰੋ, ਉਧਾਰ ਹੋ ਜਾਵੇਗਾ:

ਸੁਨਿ ਕੈ ਬੋਲੇ ਸ੍ਰੀ ਗੁਰ ਤਬਿਹੀ। ਮਨਮੁਖ ਕਰਮ ਤਜਹੁ ਜੇ ਸਭਿ ਹੀ।
ਤਬਿ ਹੋਵਹਿ ਕਲਯਾਨ ਤੁਮਾਰਾ। ਬਹੁਰ ਨਾ ਪਾਵਹੁਗੇ ਸੰਸਾਰਾ।"

*(ਗੁਰਪ੍ਰਤਾਪ ਸੂਰਜ ਗ੍ਰੰਥ, ਪੰਨਾ ੧੧੨੮)*

"ਪਾਤਸ਼ਾਹ ਜੀ! ਇਹ ਮਨਮੁਖਾਂ ਦੇ ਕਰਮ ਕੀ ਹਨ, ਕਿਰਪਾ ਕਰੋ ਅਤੇ ਸਾਨੂੰ ਮੂੜ੍ਹ-ਬੁੱਧੀ ਵਾਲਿਆਂ ਨੂੰ ਸਮਝਾਓ?" ਮਿਹਰਾਂ ਦੇ ਦਾਤੇ, ਦਾਤਾਰ ਸਤਿਗੁਰ ਜੀ ਬੋਲੇ, "ਮਨਮੁਖਾਂ ਦੀਆਂ ਚਾਰ ਸਾਖੀਆਂ ਹਨ- ਪਹਿਲੀ ਈਰਖਾ, ਦੂਜੀ- ਅਕੂਣਾ (ਆਕੜ), ਤੀਸਰੀ- ਨਿੰਦਾ, ਚੌਥੀ- ਹੱਠ।"

ਮਨਮੁਖ ਦੇ ਕਰਮਾਂ ਵਿਚ ਪਹਿਲੀ ਈਰਖਾ ਹੈ। ਹਰ ਜੀਵ ਨਾਲ ਬਖੀਲੀ ਕਰਨੀ ਕਿ ਜਗਤ ਦੀਆਂ ਸਭ ਵਸਤੂਆਂ ਅਤੇ ਸਭੇ ਗੁਣ ਮੇਰੇ ਕੋਲ ਹੀ ਹੋਣ, ਹੋਰ ਕਿਸੇ ਕੋਲ ਨਾ ਹੋਣ। ਦੂਸਰੇ ਦੀ ਧਨ-ਦੌਲਤ ਵੇਖ ਕੇ ਅੰਦਰੋਂ ਸੜਨਾ। ਸਭ ਨੂੰ ਆਪਣਾ ਵੈਰੀ ਸਮਝਣਾ। ਇਹ ਈਰਖਾ ਦੀ ਨਿਸ਼ਾਨੀ ਹੈ, ਇਸ ਲਈ ਇਹ ਪਹਿਲਾ ਕਰਮ ਤਿਆਗਣਾ ਹੈ। ਦੂਸਰੀ ਅਕੂਣਾ ਭਾਵ ਆਕੜ ਰੱਖਣੀ। ਹਉਮੈ ਵਿਚ ਸਦਾ ਰਹਿਣਾ। ਮੈਂ-ਮੈਂ ਕਰਦੇ ਫਿਰਨਾ। ਦੂਜੇ ਨੂੰ ਆਪਣੇ ਤੋਂ ਛੋਟਾ

Sri Satguru Jagjit Singh Ji Elibrary NamdhariElibrary@gmail.com

ਸਮਝਣਾ, ਕੋਈ ਗਿਆਨ ਦੀ ਗੱਲ ਨਾ ਦੱਸਣੀ, ਕੋਈ ਵਸਤੂ ਮੰਗੇ ਜਾਂ ਕੋਈ ਪੁੱਛੇ ਤਾਂ ਦੇਣ ਜਾਂ ਦੱਸਣ ਦੀ ਥਾਂ ਉਸ ਉੱਤੇ ਹੱਸਣਾ ਅਤੇ ਹੰਕਾਰੇ ਫਿਰਨਾ ਕੇ ਮੇਰੇ ਵਰਗਾ ਕੋਈ ਨਹੀਂ ਹੈ:

ਜੇ ਨਿਜ ਤੇ ਘਟਿ ਦੇਖਹਿ ਤੇਈ। ਤਿਹਕੋ ਮਤਿ ਨਹਿਂ ਕੈਸੇ ਦੇਈ।
ਹਾਸੀ ਕਰੈ ਧਰੈਂ ਹੰਕਾਰਾ। ਇਹੁ ਨਹਿਂ ਸਮ ਮਮਬੁਧਿ ਉਦਾਰਾ।

*(ਗੁਰ ਪ੍ਰਤਾਪ ਸੂਰਜ ਗ੍ਰੰਥ,ਪੰਨਾ ੧੧੨੯)*

ਤੀਸਰੀ ਹੈ- ਨਿੰਦਾ ਭਾਵ ਜੇ ਕੋਈ ਆਪਣੇ ਤੋਂ ਚੰਗਾ ਹੋਵੇ ਅਤੇ ਉਸ ਦੀ ਕੋਈ ਉਸਤਤੀ ਕਰੇ ਤਾਂ ਸਹਾਰ ਨਾ ਸਕਣੀ। ਇਸ ਦੇ ਉਲਟ ਉਸ ਦੀ ਨਿੰਦਾ ਕਰਨੀ ਕਿ ਉਹ ਵੀ ਮੇਰਾ ਹੀ ਡਿੱਠਾ ਹੋਇਆ ਹੈ। ਜੇ ਆਪਣੇ ਸਮਾਨ ਹੋਵੇ ਤਾਂ ਗਰਬ ਕਰਨਾ, ਈਰਖਾ ਕਰਨੀ ਅਤੇ ਕਹਿਣਾ ਕਿ ਮੇਰੇ ਵਿਚ ਵੱਡੇ ਗੁਣ ਹਨ, ਮੈਂ ਵੱਡਾ ਹਾਂ, ਉਹ ਕੀ ਹੈ।

ਚੌਥੀ ਹੈ- ਹੱਠ-ਬਿਰਤੀ ਜੇ ਕੋਈ ਅੱਗੋਂ ਉਪਦੇਸ਼ ਨਾ ਮੰਨੇ, ਗੱਲ ਨਾ ਸੁਣੇ ਤਾਂ ਉਸ ਨੂੰ ਜ਼ੋਰ ਨਾਲ ਹੱਠ ਕਰਕੇ ਕਹਿਣਾ, ਉਲਟਾ ਕ੍ਰੋਧ ਕਰੀ ਜਾਣਾ ਗੁੱਸੇ ਵਿਚ ਸੜੀ ਜਾਣਾ। ਇਹ ਮਨਮੁਖ ਦੀ ਹੱਠ ਕਰਮੀ ਬਿਰਤੀ ਹੈ।
ਇਸ ਤਰ੍ਹਾਂ ਇਹ ਚਾਰ ਸਾਖੀਆਂ ਮਨਮੁਖਾਂ ਦੀਆਂ ਹਨ। ਇਨ੍ਹਾਂ ਦਾ ਤਿਆਗ ਕਰਕੇ ਗੁਰਸਿੱਖਾਂ ਨੂੰ ਮਨ ਨੀਵਾਂ ਕਰਕੇ ਗੁਰਦੇਵ ਦੇ ਪਿਆਰੇ ਸਮਝ ਕੇ, ਧਰਮ ਦੀ ਕਿਰਤ ਕਰ ਕੇ ਵੰਡ ਕੇ ਖਾਣਾ ਚਾਹੀਦਾ ਹੈ:

-ਸਿੱਖਨ ਕੋ ਗੁਰਦੇਵ ਸਮ ਜਾਨਹਿ ਮਨ ਕਰਿ ਨੀਂਵ।
ਧਰਮ ਕ੍ਰਿਤ ਕਰਿ ਜਗਤ ਮਹਿਂ ਖਾਵਹਿ ਵੰਡ ਸਦੀਵ॥੫੩॥
-ਅਸ ਉਪਦੇਸ਼ ਗੁਰੂ ਕੋ ਸੁਨਿਕੈ। ਮਨਯੋ, ਮਨ ਕੀਨੋ ਸੁਭ ਸੁਨਿਕੈ।
ਬਰਤਨ ਲਗੇ ਜਗਤ ਮਹਿਂ ਐਸੇ। ਕੰਵਲ ਹੋਵਹਿ ਪ੍ਰਾਪਤਿ ਜੈਸੇ॥੫੪॥

*(ਗੁਰਪ੍ਰਤਾਪ ਸੂਰਜ ਗ੍ਰੰਥ, ਪੰਨਾ ੧੧੨੧)*

ਇਸ ਤਰ੍ਹਾਂ ਭਾਈ ਭਗਤਾ ਜੀ ਤੇ ਭਾਈ ਜਾਪੂ ਜੀ ਨੇ ਮਨਮੁਖੀ ਕਰਮ ਤਿਆਗ ਦਿੱਤੇ। ਉਨ੍ਹਾਂ ਦੀ ਭਗਤੀ ਤੇ ਸੇਵਾ ਦੀ ਕਮਾਈ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਭਗਤੂ ਜੋ ਭਗਤ ਓਹਰੀ ਜਾਪੂਵੰਸੀ ਸੇਵ ਕਮਾਵੈ।
ਸਿਮਰਹੁ ਵਾਹਿਗੁਰੂ ਲਿਵ ਲਾਈ... *(ਵਾਰ ੧੧-੧੪)*

ਭਾਈ ਸੀਹਾਂ ਅਤੇ ਭਾਈ ਗੱਜਣ (ਉਪਲ ਜਾਤ ਦੇ) ਸਤਿਗੁਰਾਂ ਉੱਤੇ

Sri Satguru Jagjit Singh Ji Elibrary NamdhariElibrary@gmail.com

ਭਰੋਸਾ ਰੱਖਣ ਵਾਲੇ ਗੁਰਸਿੱਖ ਸਨ। ਦੋਵੇਂ ਚਾਚੇ-ਤਾਏ ਦੇ ਪੁੱਤਰ ਭਰਾ ਸਨ। ਇਤਿਹਾਸ ਦੱਸਦਾ ਹੈ ਕਿ ਦੋਵੇਂ ਭਰਾ ਸੱਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨਾਲ ਦੂਜੀ ਉਦਾਸੀ ਸਮੇਂ ਨਾਲ ਗਏ ਸਨ। ਦੋਵੇਂ ਭਾਈ ਜਦੋਂ ਗੁਰੂ-ਦਰਬਾਰ ਦਰਸ਼ਨਾਂ ਲਈ ਆਏ ਤਾਂ ਪਾਤਸ਼ਾਹ ਅੱਗੇ ਦੋ-ਹੱਥ ਜੋੜ ਅਰਜੋਈ ਕੀਤੀ, ਮਿਹਰਾਂ ਦੇ ਵਾਲੀ ਪਾਤਸ਼ਾਹ! ਕੋਈ ਅਜਿਹਾ ਉਪਦੇਸ਼ ਸਾਨੂੰ ਵੀ ਬਖਸ਼ਿਸ਼ ਕਰੋ ਕਿ ਸਾਡਾ ਵੀ ਜਨਮ-ਮਰਨ ਕੱਟਿਆ ਜਾਵੇ ਅਤੇ ਧਰਮ, ਅਰਥ, ਕਾਮ ਤੇ ਮੋਕਸ਼ ਚਾਰ ਪਦਾਰਥ ਪ੍ਰਾਪਤ ਹੋਣ ਇਹ ਕਿਰਪਾ ਕਰ ਦੇਵੋ:

ਕਰ ਜੋਰੇ ਠਾਂਢੇ ਭਏ ਅਸ ਕੀਨੀ ਅਰਦਾਸ।
ਚਤੁਰ ਪਦਾਰਥ ਦੇਹੁ ਪ੍ਰਭੁ ਜਨਮ ਮਰਨ ਕਟਿ ਫਾਂਸ॥੫੬॥
(ਗੁਰ ਪ੍ਰਤਾਪ ਸੂਰਜ, ਜਿਲਦ ਚੌਥੀ, ਪੰਨਾ ੧੧੨੯)
ਕਰਤਾਰ ਰੂਪ ਪਾਤਸ਼ਾਹ ਜੀ ਨੇ ਦੋਵਾਂ ਨੂੰ ਸੰਬੋਧਿਤ ਹੁੰਦਿਆਂ ਕਿਹਾ:
ਸਿਮਰਹੁ ਵਾਹਿਗੁਰੂ ਲਿਵ ਲਾਈ।
ਦੇਇ ਪਦਾਰਥ ਸੋ ਤੁਮ ਤਾਈਂ॥੫੮॥

*(ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਥੀ, ਪੰਨਾ ੧੧੩੦)*

ਹੇ ਭਾਈ! ਵਾਹਿਗੁਰੂ ਦਾ ਸਿਮਰਨ ਲਿਵ ਲਾ ਕੇ ਕਰੋ, ਸਾਰੇ ਪਦਾਰਥ ਮਿਲ ਜਾਣਗੇ। ਪਾਤਸ਼ਾਹ! 'ਵਾਹਿਗੁਰੂ' ਦੇ ਅਰਥ ਕੀ ਹਨ? ਸਾਡੀ ਮੂੜ੍ਹ-ਮਤ ਦੇ ਸਮਝ ਪਾਵੋ। ਪਾਤਸ਼ਾਹ ਨੇ ਕਿਰਪਾ ਕਰਦਿਆਂ ਕਿਹਾ 'ਵਾਹਿ' ਨਾਮ ਅਸਚਰਜ ਦਾ ਹੈ। ਜਿਸ ਦੀ ਸਤਿਆ ਕਰਕੇ ਸਭ ਪਦਾਰਥ ਜਾਣੇ ਜਾਂਦੇ ਹਨ। ਉਹ ਸਤਿਆ ਜਾਣੀ ਨਹੀਂ ਜਾ ਸਕਦੀ, ਕੇਵਲ ਅਨੁਭਵ ਦੁਆਰਾ ਲਖੀ ਜਾਂਦੀ ਹੈ। 'ਗੁ' (ਗੋਇ) ਦਾ ਭਾਵ ਅਗਿਆਨ ਰੂਪੀ ਹਨ੍ਹੇਰਾ ਹੈ ਜੋ ਮਨੁੱਖ ਦੇ ਜੀਵਨ ਵਿਚ ਅੰਧਕਾਰ ਪੈਦਾ ਕਰਦਾ ਹੈ। 'ਰੂ' ਪ੍ਰਕਾਸ਼ ਜਾਂ ਚਾਨਣ ਦਾ ਸੰਬੋਧਨ ਹੈ। ਜੋ ਜੜ੍ਹ ਅਨਿਤ ਦੇਹ ਨੂੰ ਪ੍ਰਕਾਸ਼ ਦੇ ਰਿਹਾ ਹੈ, ਗਿਆਨ ਬਖਸ਼ ਰਿਹਾ ਹੈ ਉਸ ਦਾ ਨਾਮ ਵਾਹਿਗੁਰੂ ਹੈ। ਉਸ 'ਵਾਹਿਗੁਰੂ' ਦੇ ਜਪਣ ਨਾਲ ਹੀ ਧਰਮ, ਅਰਥ, ਕਾਮ ਤੇ ਮੋਕਸ਼ ਆਦਿ ਚਾਰ ਪਦਾਰਥ ਪ੍ਰਾਪਤ ਹੁੰਦੇ ਹਨ। ਪਾਤਸ਼ਾਹ ਨੇ ਹੋਰ ਫ਼ੁਰਮਾਇਆ ਕਿ ਜੇ ਸਤਿਸੰਗਤ ਵਿਚ ਤੁਰ ਕੇ ਜਾਈਏ ਤਾਂ ਇਕ-ਇਕ ਕਦਮ ਵਿਚ ਸੌ-ਸੌ ਗਜ਼ ਦਾ ਫਲ ਪ੍ਰਾਪਤ ਹੁੰਦਾ ਹੈ। ਜਿਸ ਮਾਇਆ ਲਈ ਲੋਕ ਬੜੇ-ਬੜੇ ਯਤਨ ਕਰਦੇ ਹਨ, ਕਈ-ਕਈ ਪਾਪੜ ਵੇਲਦੇ ਹਨ, ਉਹੀ ਮਾਇਆ ਭਗਤ-ਜਨਾਂ ਦੇ ਚਰਨਾਂ ਦੀ ਦਾਸੀ ਬਣ ਕੇ ਰਹਿੰਦੀ ਹੈ। ਭਗਤ-ਜਨ ਜੋ ਵੀ ਦਿਲ ਵਿਚ ਕਾਮਨਾ ਧਾਰਦੇ ਹਨ ਉਹੀ ਕਾਮਨਾ ਨਰਾਇਣ ਪੂਰੀ ਕਰ ਦਿੰਦਾ

Sri Satguru Jagjit Singh Ji Elibrary NamdhariElibrary@gmail.com

ਹੈ। ਜਦੋਂ 'ਵਾਹਿਗੁਰੂ' ਦੇ ਨਾਮ ਦਾ ਅਰਥ ਸਮਝ ਆ ਜਾਂਦਾ ਹੈ ਤਾਂ ਗਿਆਨ ਪ੍ਰਾਪਤ ਹੁੰਦਾ ਹੈ। ਫਿਰ ਮੁਕਤੀ ਮਿਲ ਜਾਂਦੀ ਹੈ। ਚਾਰੇ ਪਦਾਰਥ ਵਾਹਿਗੁਰੂ ਦੇ ਅਧੀਨ ਹਨ। ਪਾਤਸ਼ਾਹ ਦੁਆਰਾ ਬਖਸ਼ੀ ਸਿੱਖਿਆ ਅਨੁਸਾਰ ਦੋਵੇਂ ਪਿਛਲ ਰਾਤੀਂ ਉੱਠ ਕੇ ਇਸ਼ਨਾਨ ਕਰ ਕੇ ਬਾਣੀ ਪੜ੍ਹਦੇ। ਦਿਨ ਸਮੇਂ ਕਿਰਤ ਕਰਦੇ, ਹਰ ਸਾਹ ਨਾਲ ਵਾਹਿਗੁਰੂ ਨਾਮ ਜਪਦੇ। ਆਏ-ਗਏ ਗੁਰਸਿੱਖ ਅਤੇ ਲੋੜਵੰਦ ਦੀ ਟਹਿਲ-ਸੇਵਾ ਕਰਦੇ:

ਸ੍ਰੀ ਗੁਰ ਕੋ ਉਪਦੇਸ਼ ਸੁਨਿ ਕਰਨ ਲਗੇ ਸੋ ਕਾਰ।
ਪਿਛਲੀ ਨਿਸ ਇਸ਼ਨਾਨ ਕਰਿ ਪਢਹਿਂ ਸ਼ਬਦ ਹਿਤ ਧਾਰਿ॥੬੯॥
ਅੰਤਰ ਸ੍ਵਾਸ ਜਿ 'ਵਾਹਿ' ਮਿਲਾਵੈਂ।
ਨਿਕਸਹਿ ਵਹਿਰ ਤ 'ਗੁਰੂ' ਅਲਾਵੈਂ॥੭੦॥

*(ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਥੀ, ਪੰਨਾ ੧੧੩੧)*

ਵਿਸਾਖੀ, ਦਿਵਾਲੀ ਆਦਿ ਹਰ ਸ਼ੁਭ-ਦਿਹਾੜੇ 'ਤੇ ਕੜਾਹ ਪ੍ਰਸ਼ਾਦ ਕਰਵਾਉਂਦੇ। ਸਮਾਂ ਬੀਤਦਾ ਗਿਆ। ਭਾਈ ਗੁਰਦਾਸ ਜੀ ਨੇ ਭਾਈ ਸੀਹਾਂ ਅਤੇ ਭਾਈ ਗੱਜਣ ਦੀ ਵਡਿਆਈ ਕਰਦਿਆਂ ਲਿਖਿਆ ਹੈ:

ਸੀਹਾਂ ਉਪਲੁ ਜਾਣੀਐ ਗਜਣੁ ਉਪਲੁ ਸਤਿਗੁਰ ਭਾਵੈ।

*(ਵਾਰ ੧੧-੧੪)*

Sri Satguru Jagjit Singh Ji Elibrary NamdhariElibrary@gmail.com

## ਬੂੜਾ ਬੁਢਾ ਇਕ ਮਨਿ ਧਿਆਵੈ...

ਜਗਤ ਉਧਾਰਕ ਸਤਿਗੁਰੂ ਨਾਨਕ ਸਾਹਿਬ ਜੀ ਦੀਨ ਦੁਖੀਆਂ ਦੀ ਫ਼ਰਿਆਦ ਸੁਣਕੇ ਸਤਿਨਾਮ ਦਾ ਜਾਪ ਜਪਾਉਂਦੇ ਹੋਏ ਲੋਕ ਕਲਿਆਣ ਕਰ ਰਹੇ ਸਨ। ਇਕ ਦਿਨ ਜੰਗਲ ਵਿਚ ਬਾਲਕ ਬੂੜਾ ਗਊ ਚਰਾਉਂਦਾ ਪਿਆ ਸੀ। ਪਾਤਸ਼ਾਹ ਜੀ ਵੀ ਇਸ ਜੰਗਲ ਵੱਲ ਆਏ। ਬਾਲਕ ਬੂੜੇ ਨੇ ਰੱਬੀ ਨੂਰ ਦੇ ਦੀਦਾਰ ਕੀਤੇ ਤੇ ਦੁੱਧ ਦਾ ਕਟੋਰਾ ਅੱਗੇ ਰੱਖਿਆ। ਫਿਰ ਅਰਦਾਸ ਕੀਤੀ, 'ਗਰੀਬ ਨਿਵਾਜ! ਤੇਰਾ ਦਰਸ਼ਨ ਕੀਤਾ ਹੈ, ਕਿਵੇਂ ਮੇਰਾ ਜਨਮ-ਮਰਨ ਕਟੇਗਾ? ਸਾਹਿਬਾਂ ਬਾਲਕ ਬੂੜੇ ਵੱਲ ਨੀਝ ਨਾਲ ਤੱਕਿਆ ਤੇ ਬਚਨ ਹੋਇਆ, "ਤੂੰ ਤਾਂ ਅਜੇ ਬਾਲਕ ਹੈਂ ਤੈਨੂੰ ਇਹ ਬੁੱਧੀ ਕਿੱਥੋਂ ਪ੍ਰਾਪਤ ਹੋਈ ਹੈ" ਬਾਲਕ ਬੂੜੇ ਨੇ ਅੱਗੇ ਆਖਿਆ, "ਜੀ ਸਾਡੇ ਪਿੰਡ ਮੁਗਲ ਆਣ ਉਤਰੇ ਸਨ, ਉਨ੍ਹਾਂ ਨੇ ਕੱਚੀਆਂ ਤੇ ਪੱਕੀਆਂ ਸਭ ਫਸਲਾਂ ਵੱਢ ਲਈਆਂ ਕਿਸੇ ਨੇ ਅੱਗੋਂ ਹੱਥ ਨਹੀਂ ਫੜਿਆ ਤਾਂ ਜਮ ਦਾ ਹੱਥ ਕਿਸ ਫੜਨਾ ਹੈ।" ਰੱਬੀ ਨੂਰ ਸਤਿਗੁਰੂ ਨਾਨਕ ਦੇਵ ਜੀ ਨੇ ਮੁਸਕਰਾਉਂਦੇ ਹੋਏ ਬਚਨ ਕੀਤਾ, "ਤੂੰ ਤਾਂ ਬਾਲਕ ਨਹੀਂ ਤੇਰੀ ਤਾਂ ਬੁੱਢਿਆਂ ਵਰਗੀ ਅਕਲ ਹੈ।", "ਤੂੰ ਤਾਂ ਬੁੱਢਾ ਹੈ।" ਫਿਰ ਕਿਹਾ, "ਤੂੰ ਇਕ ਮਨ ਹੋ ਕੇ ਵਾਹਿਗੁਰੂ ਦਾ ਨਾਮ ਧਿਆਂਵੇਗਾ ਤਾਂ ਤੇਰਾ ਕਲਿਆਣ ਹੋਵੇਗਾ।" ਬਾਲਕ ਬੂੜਾ ਹੁਣ ਬਾਬਾ ਬੁੱਢਾ ਜੀ ਬਣ ਗਏ। ਸਤਿਗੁਰੂ ਨਾਨਕ ਜੀ ਨੇ ਬਾਬਾ ਬੁੱਢਾ ਜੀ ਨੂੰ ਇਹ ਵਰ ਵੀ ਦਿਤਾ 'ਕਦੇ ਤੇਰੇ ਤੋਂ ਉਹਲੇ ਨ ਹੋਸਾਂ।' ਜਿਥੇ ਮੈਂ ਹੋਵਾਂਗਾ ਤੂੰ ਮੈਨੂੰ ਪਛਾਣ ਲਵੇਂਗਾ। ਤੇਰੇ ਵੰਸ਼ ਵਿਚ ਭੀ ਮੇਰੀ ਭਗਤਿ ਪ੍ਰਾਪਤ ਹੋਵੇਗੀ।'

ਇਸ ਤਰ੍ਹਾਂ ਬਾਬਾ ਬੁੱਢਾ ਜੀ ਨੇ ਗੁਰੂ ਉਪਦੇਸ਼ ਦੀ ਬਖਸ਼ਿਸ਼ ਪ੍ਰਾਪਤ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਸਹਿਬ ਜੀ ਤਕ ਗੁਰੂ ਘਰ ਦੀ ਟਹਲ-ਸੇਵਾ ਕੀਤੀ। ਦੂਜੇ, ਤੀਜੇ, ਚੌਥੇ, ਪੰਜਵੇਂ ਅਤੇ ਛੇਵੇਂ ਗੁਰੂ ਸਾਹਿਬਾਂ ਨੂੰ ਗੁਰਿਆਈ ਨਸ਼ੀਨੀ ਆਪਣੇ ਹੱਥੀਂ ਕਰਵਾਈ। ਬਾਬਾ ਬੁੱਢਾ ਜੀ ਦੇ ਅੰਤਮ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਰਮਦਾਸ ਪਹੁੰਚੇ। ਛੇਵੇਂ ਪਾਤਸ਼ਾਹ ਨੇ ਬਾਬਾ ਬੁੱਢਾ ਜੀ ਨੂੰ ਕਿਹਾ, "ਬਾਬਾ ਜੀ, ਤੁਸੀਂ ਨਿਮਰਤਾ ਸਦਕਾ ਪਰਮ-ਪਦ ਤੇ ਸਦਾ ਅਨੰਦ ਪ੍ਰਾਪਤ ਕਰ ਲਿਆ ਹੈ ਜਿਸ ਤੋਂ ਬਹੁਤ ਜਗਤ ਵਾਂਝਾ ਹੈ। ਤੁਹਾਡੇ ਹਿਰਦੇ

Sri Satguru Jagjit Singh Ji Elibrary NamdhariElibrary@gmail.com

ਵਿਚ ਗੁਰ-ਸ਼ਬਦ ਹੈ। ਤੁਸੀਂ ਕਿਰਪਾ ਕਰਕੇ ਸ੍ਰੀ ਗੁਰੂ ਨਾਨਕ, ਸ੍ਰੀ ਗੁਰੂ ਅੰਗਦ ਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਵਡਿਆਈ ਬਾਰੇ ਦੱਸੋ ਤਾਂ ਕਿ ਸਭ ਨੂੰ ਉਨ੍ਹਾਂ ਦੀ ਅਜਮਤ ਦ੍ਰਿੜ ਹੋਏ।" ਬਾਬਾ ਬੁੱਢਾ ਜੀ ਨੇ ਪਾਤਸ਼ਾਹ ਜੀ ਨੂੰ ਕਿਹਾ, "ਆਪ ਅੰਤਰਜਾਮੀ ਹੋ, ਸਭ ਕੁਝ ਜਾਣਦੇ ਹੋ, ਮੈਂ ਸੇਵਕ ਕੀ ਗੁਣ ਦਸ ਸਕਦਾ ਹਾਂ।" ਪਾਤਸ਼ਾਹ ਨੇ ਕਿਹਾ "ਅਸੀਂ ਜਾਣਦੇ ਹਾਂ ਪਰ ਤੁਸੀਂ ਪਹਿਲੇ ਸਤਿਗੁਰਾਂ ਦੇ ਸਨਮੁੱਖ ਰਹੇ ਹੋ ਇਸ ਲਈ ਤੁਹਾਡੇ ਮੁਖ ਤੋਂ ਸੁਣਨਾ ਚਾਹੁੰਦੇ ਹਾਂ।" ਤੁਸੀਂ ਤਾਂ ਬਾਬਾ ਬੁੱਢਾ ਜੀ ਨੇ ਧੰਨ ਗੁਰੂ ਨਾਨਕ ਸਾਹਿਬ ਜੀ ਬਾਰੇ ਕਿਹਾ:

ਗੁਰੂ ਬਾਬਾ ਨਾਨਕ ਪ੍ਰਭ ਅਵਤਾਰ। ਸੁਤਹ-ਪ੍ਰਕਾਸੀ ਕਰਨੀ ਸਾਰ।
ਜਨਮਤ ਹੀ ਉਪਦੇਸ਼ ਚਲਾਇਆ। ਬਹੁ ਸਾਧਨ ਕੋ ਰਾਹ ਬਤਲਾਇਆ।

*(ਮਹਿਮਾ ਪ੍ਰਕਾਸ਼, ੬-੧੯-੮)*

ਕਿ ਸਤਿਗੁਰੂ ਨਾਨਕ ਜੀ ਨਿਰਾ ਨੂਰ ਸਨ ਤੇ ਪ੍ਰਭੂ ਦੇ ਰੂਪ ਸਨ। ਫਿਰ ਸ੍ਰੀ ਗੁਰੂ ਅੰਗਦ ਸਾਹਿਬ ਜੀ ਬਾਰੇ ਕਿਹਾ ਨਿਰੇ ਸਾਧੂ, ਸਦਾ ਸ਼ਾਂਤ, ਦਯਾ ਤੇ ਪਿਆਰ ਦੀ ਮੂਰਤ, ਰਤਾ ਵੀ ਪਕੜ ਨਹੀਂ ਸੀ:

ਪ੍ਰਮ ਅਉਧੂਤ ਦਿਖਾਵਉ ਭਾਉ। ਨਿਰਵਿਕਲਪ ਨਿਰਲੰਭ ਸੁਭਾਉ।

*(ਮਹਿਮਾ ਪ੍ਰਕਾਸ਼, ੬-੧੯-੧੩)*

ਸ੍ਰੀ ਗੁਰੂ ਅਮਰਦਾਸ ਜੀ ਬਾਰੇ ਬਾਬਾ ਬੁੱਢਾ ਜੀ ਨੇ ਦੱਸਿਆ ਕਿ ਪਾਤਸ਼ਾਹ ਜੀ ਨੇ ਦੋਹਾਂ ਹੱਥਾਂ ਨਾਲ ਨਾਮ-ਧਨ, ਜੋ ਵੀ ਸ਼ਰਣ ਆਇਆ ਉਸਨੂੰ ਲੁਟਾਇਆ। ਸਤਿਗੁਰ ਜੀ ਦਾ ਇਕ ਹੱਥ ਸੇਵਾ ਵਿਚ ਜੁਟਿਆ ਰਹਿੰਦਾ ਤੇ ਦੂਜਾ ਹਰ ਇਕ ਉੱਤੇ ਅਸੀਸ ਵਜੋਂ ਕਿਰਪਾ ਕਰਕੇ ਉਠਿਆ ਰਹਿੰਦਾ:

ਪੁਨ ਤਿਹ ਹਰਿ-ਧਨ ਦੁਹ ਹਾਥ ਲੁਟਾਇਆ।
ਜੋ ਆਇਆ ਤਿਨ ਹੀ ਵਰਸਾਇਆ।੧੫।
ਏਕ ਹਾਥ ਸਤਿਗੁਰ ਕਾ ਭਗਤ ਗੁਰ ਸੇਵਾ।
ਦੂਜਾ ਹਾਥ ਕ੍ਰਿਪਾ ਗੁਰਦੇਵਾ।

*(ਮਹਿਮਾ ਪ੍ਰਕਾਸ਼)*

ਕਿੰਨੀ ਮਹਿਮਾ ਤੇ ਸਤਿਕਾਰ ਸੀ ਬਾਬਾ ਬੁੱਢਾ ਜੀ ਦਾ, ਬਾਬਾ ਬੁੱਢਾ ਜੀ ਬੋਲ ਰਹੇ ਸਨ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਰੋਤੇ ਸਨ। ਸਾਹਿਬਾਂ ਨੇ ਖੁਸ਼ ਹੋ ਕੇ ਭਾਈ ਬੁੱਢਾ ਪਰਮ ਸੁਜਾਨ ਦਾ ਬਚਨ ਕੀਤਾ। ਭਾਈ ਗੁਰਦਾਸ ਜੀ ਨੇ ਬਾਬਾ ਬੁੱਢਾ ਜੀ ਪਰਥਾਇ ਲਿਖਿਆ ਹੈ:

ਬੂੜਾ ਬੁਢਾ ਇਕ ਮਨਿ ਧਿਆਵੈ। *(੧੧-੧੪)*

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



Sri Satguru Jagjit Singh Ji Elibrary NamdhariElibrary@gmail.com